੧ੳ ਸਤਿਗੁਰ ਪ੍ਰਸਾਦਿ ॥

# 'ਅਧਿਆਤਮਿਕ ਦੁਨੀਆਂ ਵਿਚ ਸੱਚ ਦੀ ਖੋਜ'

## ਜਾਗਰਤੀ

ਕੀ ਕਰਮ ਕਾਂਡਾਂ ਰਾਹੀਂ ਅਧਿਆਤਮਿਕ ਪ੍ਰਾਪਤੀਆਂ
ਸੰਭਵ ਹੋ ਸਕਦੀਆਂ ਹਨ?
ਕੀ ਵਿਵੇਕ ਬੁੱਧੀ ਦੇ ਸਾਹਮਣੇ ਕਰਮ ਕਾਂਡਾਂ ਦਾ ਕੋਈ
ਅਸਤਿਤਵ ਰਹਿ ਜਾਂਦਾ ਹੈ?
ਅਸੀਂ ਇਸ ਲੇਖ ਵਿਚ ਇਸ ਗੱਲ ਦੀ ਸਮੀਖਿਆ ਕਰਾਂਗੇ।

## ਤੁਲਾਨਾਤਮਿਕ ਧਰਮ ਅਧਿਐਨ

### ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜ਼ਿ :)
ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ
Mob. : 099881-60484, 62390-45985

Type Setting : Radheshyam Choudhary
Mob. : 098149- 66882

Download Free

# 'ਅਧਿਆਤਮਿਕ ਦੁਨੀਆਂ ਵਿਚ ਸੱਚ ਦੀ ਖੋਜ'

ਅਧਿਆਤਮਿਕ ਦੁਨੀਆਂ ਦੇ ਪਾਂਧੀ ਬਣਨ ਤੋਂ ਪਹਿਲਾਂ ਸਾਨੂੰ ਧਰਮ, ਕਰਮਕਾਂਡ ਅਤੇ ਵਿਵੇਕ ਬੁੱਧੀ ਦੇ ਵਿਸ਼ੇ ਵਿਚ ਵੱਧ ਤੋਂ ਵੱਧ ਜਾਣਕਾਰੀ ਅਥਵਾ ਇਨ੍ਹਾਂ ਦੀ ਪਰਿਭਾਸ਼ਾ ਦੇ ਵਿਸ਼ੇ ਦੇ ਬਾਰੇ ਵਿਚ ਗਿਆਨ ਪ੍ਰਾਪਤ ਕਰ ਲੈਣਾ ਚਾਹੀਦਾ ਹੈ, ਤਾਂਕਿ ਅਸੀਂ ਅੱਧ-ਵਿਚਾਲੇ ਹੀ ਵਿਆਕੁਲ ਹੋ ਕੇ ਭਟਕ ਨਾ ਜਾਈਏ। ਅਧਿਆਤਮਿਕ ਸੰਸਾਰ ਵਿਚ ਸ਼ਰਧਾ ਅਤੇ ਗਿਆਨ ਦੀ ਬਹੁਤ ਲੋੜ ਹੁੰਦੀ ਹੈ। ਇਨ੍ਹਾਂ ਵਿਚੋਂ ਇੱਕ ਦੀ ਕਮੀ ਵੀ ਵਿਅਕਤੀ ਨੂੰ ਕਿਸੇ ਪਾਸੇ ਜੋਗਾ ਨਹੀ ਰਹਿਣ ਦੇਂਦੀ ਇਸ ਲਈ ਅਧਿਆਤਮਿਕ ਦੁਨੀਆਂ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸਾਡੇ ਲਈ ਸਾਰੇ ਮੱਤ-ਮੰਤਾਂਤਾਰਾਂ ਦਾ ਤੁਲਨਾਤਮਿਕ ਅਧਿਅਨ ਕਰ ਲੈਣਾ ਬਹੁਤ ਜ਼ਰੂਰੀ ਹੈ। ਹੁਣ ਪ੍ਰਸ਼ਨ ਉੱਠਦਾ ਹੈ ਕਿ ਇਹ ਤੁਲਨਾਤਮਿਕ ਗਿਆਨ ਕਿਥੋਂ ਪ੍ਰਾਪਤ ਹੋਵੇਗਾ? ਜੁਆਬ ਹੈ-

ਸਿੱਖ ਮਿਸ਼ਨਰੀ ਕਾਲਜ ਦੁਆਰਾ ਪ੍ਰਕਾਸ਼ਿਤ ਤੁਲਨਾਤਮਿਕ ਅਧਿਅਨ ਦੀਆਂ ਕਿਤਾਬਾਂ ਉਨ੍ਹਾਂ ਕੋਲ ਤਿੰਨ ਭਾਸ਼ਾਵਾਂ ਹਿੰਦੀ ਪੰਜਾਬੀ ਅਤੇ ਅੰਗਰੇਜ਼ੀ ਵਿਚ ਉਪਲਬੱਧ ਹਨ। ਅਤੇ ***www.sikhworld.info*** ਇੰਟਰਨੇਟ ਤੇ ਵੀ ਉਪਲਬੱਧ ਹੈ।

ਵਰਤਮਾਨ ਸਮੇਂ ਵਿਚ ਪੂਰੇ ਮਾਨਵ ਸਮਾਜ ਵਿਚ ਨਾਸਤਿਕਤਾ ਦਾ ਹੜ੍ਹ ਆਇਆ ਹੋਇਆ ਹੈ। ਕੁਝ ਦੇਸ਼ਾਂ ਵਿਚ ਤਾਂ ਨੌਜੁਆਨ ਪੀੜ੍ਹੀ ਨੇ ਸਮੂਹਿਕ ਰੂਪ ਵਿਚ ਇੱਕਠੇ ਹੋ ਕੇ ਇਹ ਐਲਾਨ ਕਰ ਦਿੱਤਾ ਹੈ ਕਿ ਅਸੀਂ ਈਸ਼ਵਰ ਦੀ ਸ਼ਕਤੀ ਵਿਚ ਕੋਈ ਵਿਸ਼ਵਾਸ ਨਹੀਂ ਰਖਦੇ। ਇਥੇ ਹੀ ਬੱਸ ਨਹੀਂ ਇਸ ਤੋਂ ਇਲਾਵਾ ਉਨ੍ਹਾਂ ਲੋਕਾਂ ਦੀ ਸੰਖਿਆ ਕਰੋੜਾਂ ਵਿਚ ਹੈ, ਜਿਹੜੇ ਮੋਨ (ਚੁੱਪ) ਰਹਿੰਦੇ ਹਨ ਅਤੇ ਬਿਨ੍ਹਾਂ ਐਲਾਨ ਕੀਤੇ ਦੈਵੀ ਸ਼ਕਤੀ ਤੇ ਕੋਈ ਵਿਸ਼ਵਾਸ ਨਹੀਂ ਰਖਦੇ। ਨਾਸਤਿਕਤਾ ਦੇ ਵੱਧਣ ਤੇ ਫੈਲਣ ਦੇ ਕਈ ਹੋਰ ਵੀ ਕਾਰਣ ਹਨ। ਖੋਜ ਕਰਨ ਤੇ ਸਭ ਤੋਂ ਵੱਡਾ ਕਾਰਣ ਇਸ ਵਿਗਿਆਨਕ ਯੁੱਗ ਵਿਚ ਪੜ੍ਹਿਆ-ਲਿਖਿਆ (ਸਿਖਿਅਤ) ਵਰਗ, ਜੋ ਵਿਵੇਕ ਬੁੱਧੀ ਵੀ ਰਖਦਾ ਹੈ, ਆਪਣੇ ਪੂਰਵਜ਼ਾ ਦੇ ਧਰਮ-ਕਰਮ ਦੇ ਨਾਂ ਤੇ ਕੀਤੇ ਜਾ ਰਹੇ ਕਾਰਜਾਂ ਤੇ ਵਿਸ਼ਵਾਸ਼ ਨਹੀਂ ਪੈਦਾ ਕਰ ਰਹੇ ਹੁੰਦੇ। ਉਨ੍ਹਾਂ ਨੂੰ ਸਾਰੇ ਧਰਮ-ਕਰਮ ਅਰਥ-ਹੀਣ, ਪੈਸੇ ਅਤੇ ਸਮੇਂ ਦੀ ਬਰਬਾਦੀ ਹੀ ਦਿਖਾਈ ਦੇਂਦੇ ਹਨ।

ਉਨ੍ਹਾਂ ਦਾ ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ। ਉਹ ਲੋਕ ਹਰ ਧਰਮ ਦੇ ਨਾਂ ਤੇ ਕੀਤੇ ਜਾ ਰਹੇ ਕਾਰਜਾਂ ਦਾ ਵਿਸ਼ਲੇਸ਼ਣ ਕਰਦੇ ਹਨ ਅਤੇ ਨਿਚੋੜ ਕੱਢਦੇ ਹਨ ਕਿ ਇਹ ਸਭ ਫੋਕਟ ਕਰਮ ਹਨ, ਕੇਵਲ ਲੋਕ-ਦਿਖਾਵਾ, ਇਨ੍ਹਾਂ ਕੰਮਾਂ ਤੋਂ ਕੁਝ ਪ੍ਰਾਪਤ ਹੋਣ ਵਾਲਾ ਨਹੀਂ, ਸਾਡੀ ਨੌਜੁਆਨ ਪੀੜ੍ਹੀ ਤਰਕੀਬ ਅਤੇ ਤਰਕ ਨਾਲ ਗੱਲ ਕਰਦੀ ਹੈ। ਉਨ੍ਹਾਂ ਅਨੁਸਾਰ, ਜਦ ਸਾਰੇ ਧਰਮਾਂ ਦੇ ਲੋਕ ਇਹ ਮੰਨਦੇ ਹਨ ਕਿ ਪ੍ਰਭੂ ਇੱਕ ਹੈ ਤਾਂ ਫਿਰ ਲੜਾਈ-ਝਗੜਾ ਕਿਸ ਗੱਲ ਦਾ ਹੈ?

### ਹੁਣ ਅਸੀਂ ਇਸੇ ਗੱਲ ਦਾ ਵਿਸ਼ਲੇਸ਼ਣ ਕਰਦੇ ਹਾਂ :-

ਸਾਰੇ ਬੁਧੀਜੀਵੀ (ਵਿਦਵਾਨ) ਮੰਨਦੇ ਹਨ ਕਿ ਪ੍ਰਭੂ ਅਰਥਾਤ ਦੈਵੀ ਜੋਤੀ ਇੱਕ ਹੀ ਹੈ ਜਿਹੜਾ ਸਮੂਹ ਬ੍ਰਹਮੰਡਾਂ ਦਾ ਸੰਚਾਲਨ ਕਰਦੀ ਹੈ, ਅਰਥਾਤ ਨਿਰਮਾਤਾ ਹੈ। ਉਹ ਸਰਬ-ਵਿਆਪਕ ਹੈ, ਸਰਬ-ਸ਼ਕਤੀਮਾਨ ਹੈ ਅਤੇ ਉਸ ਦਾ ਕੋਈ ਵਿਰੋਧੀ ਨਹੀਂ ਹੈ। ਉਸਨੇ ਆਪਣਾ ਨਿਰਮਾਣ ਖੁਦ ਕੀਤਾ ਹੈ। ਅਰਥਾਤ ਉਹ ਸਵੈ-ਨਿਰਮਾਤਾ ਹੈ। ਉਪਰੋਤਕ ਤੱਤਾਂ ਤੇ ਸਾਰੇ ਧਰਮ (ਆਸਥਾ) ਸ਼ਰਧਾ ਰਖਦੇ ਹਨ, ਇਸ ਲਈ ਇਹ ਉਸ ਦੈਵੀ ਸ਼ਕਤੀ ਦੀ ਪਰਿਭਾਸ਼ਾ ਹੈ।

ਜਦੋਂ ਪਰਿਭਾਸ਼ਾ ਸਪਸ਼ਟ ਹੈ ਤਾਂ ਉਸ ਦੈਵੀ ਸ਼ਕਤੀ ਦੀ ਪ੍ਰਾਪਤੀ ਹੀ ਮਾਨਵ ਸਮਾਜ ਦਾ ਇੱਕੋ-ਇੱਕ ਉਦੇਸ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਬਹੁਤ ਮੱਤਭੇਦ ਹਨ। ਉਪਰੋਤਕ ਪਰਿਭਾਸ਼ਾ ਅਨੁਸਾਰ ਤਾਂ ਦੈਵੀ ਸ਼ਕਤੀ ਨਿਰਾਕਾਰ ਹੈ, ਉਹ ਸਥੂਲ ਨਹੀਂ। ਉਸਦੇ ਭਗਤਾ ਨੇ ਉਸਦੇ ਅਣਗਿਣਤ ਨਾਂ ਰੱਖੇ ਹੋਏ ਹਨ। ਜਿਹੜੇ ਸਾਰੇ ਬਹੁ-ਅਰਥਕ ਹੀ ਮੰਨੇ ਜਾਣਗੇ। ਅਣਗਿਣਤ ਨਾਂ ਉਸਦੇ ਗੁਣਵਾਚਕ ਨਾਮ ਹਨ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਨਾਮ ਅਤੇ ਨਾਮੀ ਵਿਚ ਕੋਈ ਭੇਦ ਨਹੀ ਹੁੰਦਾ, ਮਤਲਬ ਇਹ ਹੈ ਕਿ ਨਾਮ ਜਪਣ ਨਾਲ ਹੀ ਨਾਮੀ ਦਾ ਬੋਧ ਹੁੰਦਾ ਹੈ। ਅਣਗਿਣਤ ਨਾਵਾਂ ਵਿਚੋਂ ਇੱਕ ਨਾ ਉਸਦਾ ਅਜਿਹਾ ਵੀ ਹੈ, ਜਿਸ ਤੇ ਪੂਰਾ ਵਿਸ਼ਵ ਸਹਿਮਤ ਹੈ, ਉਹ ਹੈ 'ਸੱਚ' ਅਰਥਾਤ ਅਮਰ ਜੋਤਿ ਜਿਸ ਦਾ ਕਦੇ ਵੀ ਵਿਨਾਸ਼ ਨਹੀ ਹੋ ਸਕਦਾ। ਭਾਵ ਇਹ ਹੈ ਕਿ ਓਹੀ ਸ਼ਕਤੀ 'ਸੱਚ' ਹੈ ਬਾਕੀ ਸਭ ਕੁਝ ਨਾਸ਼ਵਾਨ ਹੈ।

ਉਹ ਦੈਵੀ ਜੋਤਿ ਅਰਥਾਤ 'ਸੱਚ' ਇੱਕ ਸ਼ਕਤੀ ਹੈ, ਵਿਅਕਤੀ ਨਹੀਂ, ਨਿਰਾਕਾਰ ਹੈ ਸਥੂਲ ਨਹੀਂ, ਅਧਿਆਤਮਿਕ ਦੁਨੀਆਂ ਵਿਚ ਇਸੇ 'ਸੱਚੀ ਜੋਤਿ' ਦੀ ਖੋਜ ਹਮੇਸ਼ਾ ਤੋਂ ਹੁੰਦੀ ਚਲੀ ਆ ਰਹੀ ਹੈ ਜਦੋਂ ਕਿ ਸਾਰੇ ਪਾਂਧੀ ਇਹ ਜਾਣਦੇ ਹਨ ਕਿ ਉਹ ਗੁਆਚਿਆ ਨਹੀਂ ਹੈ, ਜਿਸ ਨੂੰ ਅਸੀਂ ਲੱਭਣਾ ਹੈ, ਉਹ ਤਾਂ ਸਰਬ-ਵਿਆਪਕ ਹੈ। ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਅੱਜ ਤੱਕ ਅਸੀਂ ਕੀ ਕਰਦੇ ਆ ਰਹੇ ਹਾਂ? ਅਤੇ ਕਿਉਂ ਭਟਕ ਰਹੇ ਹਾਂ?

ਅਧਿਆਤਮਿਕ ਦੁਨੀਆਂ ਵਿਚ ਮਾਰਗ-ਦਰਸ਼ਨ ਦੀ ਬਹੁਤ ਲੋੜ ਹੁੰਦੀ ਹੈ। ਇਹ ਮਾਰਗ ਦਰਸ਼ਨ ਕਰਨ ਦਾ ਅਧਿਕਾਰ ਸਿਰਫ ਉਸ ਨੂੰ ਹੀ ਹੁੰਦਾ ਹੈ, ਜਿਸਨੇ ਸੱਚ ਦੀ ਖੋਜ ਸੰਪੂਰਨ ਕਰ ਲਈ ਹੋਵੇ ਅਰਥਾਤ ਸੱਚ ਵਿਚ ਅਭੇਦ ਹੋ ਗਿਆ ਹੋਵੇ, ਜਿਸ ਨੂੰ ਅਧਿਆਤਮਿਕ ਦੁਨੀਆਂ ਵਿਚ ਪੂਰਨ ਪੁਰਸ਼ ਕਹਿੰਦੇ ਹਨ। ਭਾਵ ਇਹ ਹੈ ਕਿ ਉਹ ਵਿਅਕਤੀ ਜੀਵਨ ਮੁਕਤ ਹੁੰਦਾ ਹੈ। ਸਪਸ਼ਟ ਅਰਥ ਇਹ ਹੈ ਕਿ ਉਹ ਵਿਅਕਤੀ ਇਸੇ ਜਨਮ ਵਿਚ ਇਸੇ ਸੰਸਾਰ ਵਿਚ (ਰਹਿੰਦਿਆਂ) ਆਵਾਗਮਨ ਦੇ ਚੱਕਰਵਿਊ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਪਰ ਅਜਿਹਾ ਵਿਅਕਤੀ ਮਿਲਣਾ ਮੁਸ਼ਕਿਲ ਹੀ ਨਹੀਂ, ਅਸੰਭਵ ਵੀ ਹੈ। ਕਿਉਂਕਿ ਸਾਡੇ ਕੋਲ ਦੈਵੀ ਦ੍ਰਿਸ਼ਟੀ ਨਹੀਂ ਹੁੰਦੀ, ਜਿਸ ਨਾਲ ਅਸੀ ਪੂਰਨ

ਪੁਰਸ਼ ਨੂੰ ਪਹਿਚਾਣ ਸਕੀਏ, ਇਸ ਲਈ ਅਸੀਂ ਅਕਸਰ ਭੇਖੀ, ਢੋਂਗੀ ਲੋਕਾਂ ਦੇ ਚੁੰਗਲ ਵਿਚ ਫਸ ਜਾਂਦੇ ਹਾਂ। ਜਿਸ ਕਰਕੇ ਸਾਡਾ ਇਹ ਜੀਵਨ ਅਤੇ ਇਸ ਦਾ ਉਦੇਸ਼ ਨਸ਼ਟ ਹੋ ਜਾਂਦੇ ਹਨ, ਆਵਾਗਮਨ ਦਾ ਚੱਕਰਵਿਊ ਜਿਉਂ ਦਾ ਤਿਉਂ ਬਣਿਆ ਹੀ ਰਹਿੰਦਾ ਹੈ।

ਅਧਿਆਤਮਿਕ ਦੁਨੀਆਂ ਵਿਚ ਇਹ ਤੱਤ ਤਾਂ ਸੱਚ ਹੈ ਕਿ ਪੂਰੇ ਗੁਰੂ ਬਿਨ੍ਹਾਂ ਗਤੀ ਨਹੀਂ। ਹੁਣ ਦੁਬਾਰਾ ਤੋਂ ਇਹ ਪ੍ਰਸ਼ਨ ਉੱਠਦਾ ਹੈ ਕਿ ਪੂਰਨ ਪੁਰਸ਼ ਨਾਲ ਮਿਲਾਪ ਕਿਵੇਂ ਸੰਭਵ ਹੋਵੇ? ਇਸ ਦਾ ਜੁਆਬ ਇਹ ਹੈ ਕਿ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਲੱਭਣ ਦੀ ਲੋੜ ਹੁਣ ਨਹੀਂ ਰਹੀ ਇਸ ਗੱਲ ਦਾ ਹੱਲ ਹੋ ਚੁੱਕਿਆ ਹੈ। ਸਾਡੇ ਵੱਡੇ-ਵਡੇਰਿਆਂ (ਪੂਰਵਜ਼ਾਂ) ਵਿਚ ਬਹੁਤ ਸਾਰੇ ਪ੍ਰਸਿੱਧ ਪੂਰਨ ਪੁਰਸ਼ ਹੋਏ ਹਨ ਜਿਹੜੇ ਅੱਜ ਵੀ ਬਹੁਤ ਪ੍ਰਸਿੱਧ ਹਨ ਜਿਵੇਂ:- ਰਾਮਾਨੰਦ ਜੀ ਪਰਮਾਨੰਦ ਜੀ, ਕਬੀਰ ਜੀ, ਰਵੀਦਾਸ ਜੀ, ਧੰਨਾ ਜੀ, ਸੂਰਦਾਸ ਜੀ, ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਆਦਿ। ਇਨ੍ਹਾਂ ਸਾਰੇ ਮਹਾਂਪੁਰਸ਼ਾਂ ਦੀ ਬਾਣੀ ਅੱਜ ਵੀ ਸਾਡੇ ਕੋਲ ਸੰਗ੍ਰਹਿ ਕੀਤੀ ਹੋਈ ਮੌਜੂਦ ਹੈ, ਇਹ ਬਾਣੀ ਜਗਿਆਸੂਆਂ ਦਾ ਅਧਿਆਤਮਿਕ ਦੁਨੀਆਂ ਵਿਚ ਮਾਰਗ-ਦਰਸ਼ਨ (ਰਾਹ-ਦਸੇਰਾ) ਦਾ ਕੰਮ ਕਰਦੀ ਹੈ। ਅਸੀਂ ਸੱਚ ਦੀ ਖੋਜ ਕਰਨੀ ਹੈ ਜੋ ਨਿਰਾਕਾਰ ਹੈ, ਇਸ ਖੋਜ ਵਿਚ 'ਸੱਚ ਦਾ ਗਿਆਨ ਜਿਹੜਾ ਇਨ੍ਹਾਂ ਮਹਾਂਪੁਰਸ਼ਾਂ ਦੁਆਰਾ ਦਿੱਤਾ ਗਿਆ ਹੈ, ਉਸ ਨੂੰ ਹੀ ਆਧਾਰ ਮੰਨ ਕੇ ਅੱਗੇ ਵਧਾਂਗੇ। ਹੁਣ ਫਿਰ ਸੁਆਲ ਉੱਠਦਾ ਹੈ ਕਿ ਇਹ ਸਾਨੂੰ ਕਿਥੋਂ ਪ੍ਰਾਪਤ ਹੋਵੇਗਾ? ਤਾਂ ਇਸ ਦਾ ਜੁਆਬ ਹੈ, ਲਗਭਗ 36 ਮਹਾਂਪੁਰਸ਼ਾਂ ਦੀ ਬਾਣੀ ਇੱਕ ਹੀ ਗ੍ਰੰਥ ਵਿਚ ਦਰਜ ਹੈ, ਇਸ ਸੰਗ੍ਰਹਿ ਦਾ ਨਾਮ ਕੇਵਲ 'ਸ੍ਰੀ ਗੁਰੂਗ੍ਰੰਥ ਸਾਹਿਬ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਅੱਜ **'ਇੰਟਰ ਨੈੱਟ'** ਉਪਰ ਵੀ ਹਿੰਦੀ ਅਤੇ ਪੰਜਾਬੀ ਭਾਸ਼ਾਵਾ ਵਿਚ ਆਸਾਨੀ ਨਾਲ ਉਪਲੱਬਦ ਹੈ। ਇਸ 'ਵੈਬਸਾਈਟ' ਦਾ ਨਾਂ ਹੈ - ਸਿੱਖ ਵਰਡ ਇਨਫੋ ***(Sikhworld.info)*** ਇਸ ਵੈਬਸਾਈਟ ਦਾ ਤੁਹਾਨੂੰ ਇਹ ਫਾਇਦਾ ਹੋਵੇਗਾ ਕਿ ਇਸ ਦੇ 'ਮੇਨ ਲਿੰਕ ਤੇ ਤੁਰੰਤ ਹੀ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬਾਣੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ। ਇਸ ਤਰੀਕੇ ਨਾਲ ਬਾਣੀ ਅਧਿਐਨ ਕਰਨ ਦਾ ਇਹ ਲਾਭ ਹੈ ਕਿ ਇਸ ਵਿਚ ਕਿਸੇ ਕਿਸਮ ਦੇ ਉਚੇਚ ਦੀ ਲੋੜ ਨਹੀ ਹੁੰਦੀ ਅਤੇ ਬਾਣੀ ਦੀ ਪਵਿੱਤਰਤਾ ਭੰਗ ਹੋਣ ਦਾ ਵੀ ਡਰ ਨਹੀਂ ਰਹਿੰਦਾ। ਵਰਤਮਾਨ ਸਮੇਂ ਵਿਚ ਇਸ ਵਿਧੀ ਤੋਂ ਸਰਲ ਅਤੇ ਸਹਿਜ ਵਿਧੀ ਹੋਰ ਕੋਈ ਨਹੀ ਹੋ ਸਕਦੀ, ਜਿਹੜੀ ਗੁਰੂ-ਚੇਲੇ ਦੀ ਇੱਕ ਅਜਿਹੇ ਪਲੇਟਫਾਰਮ ਤੇ ਮੁਲਾਕਾਤ ਕਰਵਾਏ, ਜਿਥੇ ਕਿਸੇ ਪ੍ਰਕਾਰ ਦੀ ਕੋਈ ਰੁਕਾਵਟ ਨਹੀਂ। ਸਭ ਤੋਂ ਪਹਿਲਾਂ ਅਸੀ ਸਾਰੇ ਆਪਣੇ ਮਨ ਵਿਚ ਇਹ ਦ੍ਰਿੜ ਕਰ ਲਈਏ ਕਿ ਸਿੱਖ (ਵਿਦਿਆਰਥੀ) ਹੋਣ ਦੇ ਨਾਤੇ ਅਸੀਂ ਸ੍ਰੀ ਗੁਰੂ 'ਗ੍ਰੰਥ ਸਾਹਿਬ' ਦੇ ਸਾਹਮਣੇ ਕੇਵਲ ਸੀਸ ਝੁਕਾ ਕੇ ਆਪਣੇ ਆਪ ਨੂੰ ਵੱਡ ਭਾਗੇ ਨਹੀ ਮੰਨ ਲੈਣਾ ਅਤੇ ਨਾ ਹੀ ਆਪਣੇ ਆਪ ਨੂੰ ਇਸ ਕਿਰਿਆ ਨਾਲ ਸੰਤੁਸ਼ਟ ਕਰ ਲੈਣਾ ਹੈ। ਸਾਡਾ ਉਦੇਸ਼ ਤਾ ਅਮਲੀ ਰੂਪ ਵਿਚ 'ਸੱਚੇ-ਗੁਰੂ' ਨਾਲ ਮੁਲਾਕਾਤ ਕਰਨਾ ਹੈ ਅਤੇ ਜੀਵਨ-ਜਾਚ ਕੀ ਤਰਕੀਬ ਸਿੱਖਣੀ ਹੈ। ਇਹ ਤਾਂ ਤਦ ਹੀ ਸੰਭਵ ਹੈ, ਜਦੋਂ ਅਸੀ ਗੁਰੂਬਾਣੀ ਦਾ ਆਦਿ (ਸ਼ੁਰੂ) ਤੋਂ ਅੰਤ ਤੱਕ ਖੁਦ,

ਹੌਲੀ-ਹੌਲੀ ਸਹਿਜ ਰੂਪ ਵਿਚ ਹਰ ਰੋਜ਼ ਅਧਿਐਨ ਕਰਨਾ ਸ਼ੁਰੂਕਰ ਲਈਏ, ਭਾਵ ਗੁਰਬਾਣੀ ਨਾਲ ਜੁੜੀਏ। ਇਸ ਕਾਰਜ ਵਿਚ ਕੁਝ ਮੁਸ਼ਕਲਾਂ ਪੇਸ਼ ਆਉਣਗੀਆਂ ਜਿਵੇਂ:- ਵਿਆਕਰਣ ਸੰਬੰਧੀ ਨਿਯਮਾਵਲੀ ਕੀ ਹੈ? ਬਹੁਤ ਸਾਰੀਆਂ ਦੂਜੇ ਪ੍ਰਾਤਾਂ ਦੀਆਂ ਭਾਸ਼ਾਵਾਂ ਦਾ ਸੁਮੇਲ ਹੋਣਾ ਆਦਿ। ਇਸ ਦਾ ਹੱਲ ਇਹ ਹੈ ਕਿ ਇਸੇ ਵੈਬ ਸਾਈਟ ਵਿਚ ਮੁੱਖ ਲਿੰਕਾਂ ਤੇ ਗੁਰਬਾਣੀ ਵਿਆਕਰਣ ਹੈ ਜਿਹੜੀ ਕਿ ਹਿੰਦੀ ਪਾਠਕਾ ਦੇ ਲਈ ਹੀ ਹੈ ਅਤੇ ਬਹੁਤ ਵਿਸਥਾਰ ਨਾਲ ਲਿਖੀ ਗਈ ਹੈ। ਪਹਿਲਾਂ ਤੁਸੀਂ ਉਸ ਦਾ ਅਧਿਐਨ ਕਰ ਲਓ, ਇਸ ਦੇ ਇਲਾਵਾ ਉਥੇ ਹੀ ਸ਼ੁੱਧ 'ਜਪੁ ਜੀ' ਸਾਹਿਬ ਉਚਾਰਣ ਦੀ ਮੁੱਖ ਲਿੰਕ ਵਿਚ ਹੈ, ਜਿਹੜਾ ਚਾਰ ਰੰਗਾਂ ਵਿਚ ਲਿਖਿਆ ਗਿਆ ਹੈ। ਇਹ ਇੱਕ ਅਨੋਖੀ ਅਤੇ ਅਦੁਭੁਤ ਵਿਧੀ ਹੈ, ਜਿਹੜੀ ਨਵੇਂ ਪਾਠਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੈ। ਇਸ ਦੇ ਇਲਾਵਾ 'ਜਪੁ ਜੀ' ਸਾਹਿਬ ਦੇ ਪਾਠ ਦੇ ਅੰਤ ਵਿਚ ਹਿੰਦੀ ਅਤੇ ਗੁਰਮੁਖੀ ਲਿਖਣ ਦੀ ਸ਼ੈਲੀ ਦੇ ਅੰਤਰ ਨੂੰ ਦਰਸਾਉਣ ਦੇ ਲਈ 'ਸੰਧੀ-ਵਿਛੇਦ' ਦੇ ਨਿਯਮਾਂ ਇੱਕ ਖਾਸ ਚਾਰਟ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਅਗੋਂ ਆਉਣ ਵਾਲੇ ਮੁਸ਼ਕਲ ਸ਼ਬਦਾਂ ਦੇ ਅਰਥ ਦੀ ਸੂਚੀ ਵੀ ਭਵਿੱਖ ਵਿਚ ਪੇਸ਼ ਕਰ ਦਿੱਤੀ ਜਾਵੇਗੀ । ਪਾਠਕਾਂ ਨੂੰ ਚਾਹੀਦਾ ਹੈ ਕਿ ਗੁਰਬਾਣੀ ਅਧਿਐਨ ਜਾਂ ਸਰਵਣ ਕਰਦੇ ਸਮੇਂ ਆਪਣੇ ਕੋਲ ਇੱਕ ਕਾਪੀ ਵੀ ਰੱਖਣ ਜਿਸ ਵਿਚ ਉਹ ਗੁਰਬਾਣੀ ਦੀਆਂ ਵਿਸ਼ੇਸ਼ ਸਤਰਾਂ, ਜਿਹੜੀਆਂ ਸਹਿਜ-ਸਰਲ ਤੇ ਭਾਵਪੂਰਕ ਹੋਣ, ਤੁਰੰਤ ਨੋਟ ਕਰ ਲੈਣ, ਇਹ ਤਰੀਕਾ ਉਨ੍ਹਾਂ ਲਈ ਬਹੁਤ ਲਾਭਦਾਇਕ ਸਿੱਧ ਹੋਵੇਗਾ। ਵੈਸੇ ਤਾਂ ਇਸੇ 'ਵੈਬਸਾਈਟ' ਦੇ ਮੁੱਖ ਲਿੰਕਾਂ ਤੇ 'ਗੁਰਬਾਣੀ-ਅੰਤਾਖਸ਼ਰੀ' ਦਿੱਤੀ ਗਈ ਹੈ, ਜਿਸ ਦਾ ਬਹੁਤ ਵਿਸਤ੍ਰਿਤ ਸਰੂਪ ਹੈ। ਅਸਲ ਵਿਚ ਇਹ ਰਚਨਾਵਾਂ ਨੌਜਵਾਨ ਪੀੜੀ ਨੂੰ ਗੁਰਬਾਣੀ ਕੰਠ ਕਰਨ ਵਿਚ ਸਹਾਇਕ ਹੋਣ ਲਈ ਰੌਚਕ ਵਿਧੀ ਵਜੋਂ ਬਣਾਈਆਂ ਗਈਆਂ ਹਨ। ਇਸ ਦੇ ਇਲਾਵਾ ਸੰਪੂਰਨ ਸ੍ਰੀ ਗੁਰੂਗ੍ਰੰਥ ਸਾਹਿਬ ਦੀਆਂ ਰਚਨਾਵਾਂ ਵਿਚ ਚੋਣਵੀਆਂ ਸਤਰਾਂ, ਪੰਕਤੀਆ) ਦਾ ਸੰਗ੍ਰਹਿ ਅਲੱਗ ਵੀ 'ਲਾਂਚ' ਕੀਤਾ ਗਿਆ ਹੈ, ਜਿਹੜਾ ਕਿ ਕੱਥਾ-ਵਾਚਕ ਲੋਕਾਂ ਦੇ ਲਈ ਤੋਹਫਾ ਹੈ।

ਹੁਣ ਫਿਰ ਤੋਂ ਸੱਚ ਦੀ ਖੋਜ ਤੇ ਧਿਆਨ ਕੇਂਦਰਿਤ ਕਰਦੇ ਹਾਂ। ਸਾਨੂੰ ਇਹ ਤਾਂ ਮਾਲੂਮ ਹੈ ਕਿ ਅਸੀਂ ਸਰੀਰ ਨਹੀਂ, ਆਤਮਾ ਹਾਂ, ਸਰੀਰ ਤਾਂ ਨਾਸ਼ਵਾਨ ਹੈ, ਜੋ ਕਿ ਸਮੇਂ (ਕਾਲ) ਦੀ ਭੇਂਟ ਚੜ੍ਹ ਜਾਵੇਗਾ, ਮਿੱਟੀ ਤੋਂ ਪੈਦਾ ਹੋਇਆ, ਮਿੱਟੀ ਵਿਚ ਹੀ ਸਮਾ ਜਾਵੇਗਾ। ਸਿਰਫ ਆਤਮਾ ਹੀ ਅਮਰ ਹੈ, ਜਿਹੜੀ ਬਾਰ-ਬਾਰ ਜਨਮ ਲੈਂਦੀ ਹੈ। ਇਸ ਦਾ ਇਹ ਅਰਥ ਹੋਇਆ ਕਿ ਸਾਡੀ ਆਤਮਾ ਵੀ ਉਸ ਸੱਚ ਦਾ ਇੱਕ ਅੰਗ ਜਾਂ ਅੰਸ਼ ਹੈ, ਜੋ ਕਿ ਅਮਰ ਹੈ। ਭਾਵ ਅਰਥ ਇਹ ਹੈ ਕਿ ਅਸੀਂ ਕੇਵਲ ਆਪਣੀ ਆਤਮਾ ਦੀ ਹੀ ਖੋਜ ਕਰਨੀ ਹੈ ਅਤੇ ਜਾਂਚ ਕਰਨੀ ਹੈ ਕਿ ਸਾਡੀ ਆਤਮਾ ਕਿਉਂ ਭਟਕ ਰਹੀ ਹੈ। ਉਹ ਸਥਿਰ ਹੋ ਕੇ ਪ੍ਰਭੁਚਰਨਾਂ ਵਿਚ ਕਿਉਂ ਨਹੀਂ ਸਮਾ ਜਾਂਦੀ? ਹੁਣ ਪ੍ਰਸ਼ਨ ਹੈ, ਆਤਮਾ ਸਰੀਰ ਵਿਚ ਕਿਥੇ ਵੱਸਦੀ ਹੈ, ਉਸ ਨੂੰ ਕਿਥੇ ਖੋਜੀਏ? ਜਦ ਕਿ ਉਹ ਨਿਰ-ਆਕਾਰ ਹੈ ਤਾਂ ਉਸ ਨੂੰ ਖਜੋਣਾ ਸੰਭਵ ਹੀ ਨਹੀਂ --- ਅਸਲ ਵਿਚ ਸਾਡਾ ਮਨ ਹੀ ਸਾਡੀ ਆਤਮਾ ਹੈ, ਮਨ ਸਥੂਲ ਨਹੀ, ਉਹ ਤਾਂ ਸਾਡੇ ਆਚਾਰ ਤੇ ਵਿਚਾਰਾਂ ਦਾ

ਸਮੂਹ ਹੈ। ਇਸ ਉਤੇ ਕਾਬੂਪਾ ਕੇ ਇਸ ਨੂੰ ਪਵਿੱਤਰ ਕਰਨਾ ਹੀ ਅਧਿਆਤਮਿਕ ਮਾਰਗ ਹੈ। ਅਸੀਂ ਹਮੇਸ਼ਾ ਬਾਹਰ-ਮੁਖੀ ਰਹਿੰਦੇ ਹਾਂ ਅਤੇ ਸੋਚਦੇ ਹਾਂ ਕਿ ਜਿਵੇਂ ਸੰਸਾਰਿਕ ਸੁੱਖ ਅਤੇ ਚੀਜ਼ਾ ਬਾਹਰੀ ਦੁਨੀਆਂ ਤੋਂ ਪ੍ਰਾਪਤ ਹੋਏ ਹਨ ਸ਼ਾਇਦ ਇਸੇ ਤਰ੍ਹਾਂ ਅਧਿਆਤਮਿਕ ਦੁਨੀਆਂ ਦੀਆਂ ਪ੍ਰਾਪਤੀਆਂ ਵੀ ਬਾਹਰ ਤੋਂ ਹੀ ਹੋ ਜਾਣਗੀਆਂ, ਪਰ ਇਹ ਵਿਚਾਰ ਮੂਲ ਰੂਪ ਵਿਚ ਹੀ ਗਲਤ ਹੈ। ਅਸੀਂ ਇਕਾਗਰ ਹੋ ਕੇ ਅੰਤਰ-ਮੁਖੀ ਹੋਣਾ ਹੈ ਅਤੇ ਆਪਣੇ ਅੰਦਰ ਦੀ ਖੋਜ ਕਰਨੀ ਹੈ ਕਿ ਉਥੇ ਕੀ ਚੱਲ ਰਿਹਾ ਹੈ। ਜਿਹੜੇ ਲੋਕ ਆਪਣੇ ਅੰਦਰ ਨੂੰ ਜਾਂਚਣ ਦੀ ਕਿਰਿਆ ਵਿਚ ਸਫਲ ਹੋ ਜਾਂਦੇ ਹਨ, ਉਹੀ ਅੱਗੇ ਜਾ ਕੇ ਅਧਿਆਤਮਿਕ ਦੁਨੀਆਂ ਦੇ ਪਾਂਧੀ ਬਣਦੇ ਹਨ। ਇਥੇ ਇਹ ਗੱਲ ਸਪਸ਼ਟ ਹੈ ਕਿ ਸੰਸਾਰਿਕ ਦੁਨੀਆਂ ਤੋਂ ਅਧਿਆਤਮਿਕ ਦੁਨੀਆਂ ਦੇ ਨਿਯਮ ਬਿਲਕੁਲ ਉਲਟ ਹੁੰਦੇ ਹਨ। ਉਦਾਹਰਣ ਦੇ ਲਈ, ਜੋ ਵਿਅਕਤੀ ਸੰਸਾਰਿਕ ਦੁਨੀਆਂ ਵਿਚ ਚਤੁਰ- ਬੁਧੀਮਾਨ ਮੰਨਿਆ ਜਾਂਦਾ ਹੈ, ਉਥੇ ਉਹ ਮੂਰਖਾ ਦੀ ਗਿਣਤੀ ਵਿਚ ਗਿਣਿਆ ਜ਼ਾਦਾ ਹੈ ਅਧਿਆਤਮਿਕ ਸੰਸਾਰ ਵਿਚ ਤਾਂ ਭੋਲਾਪਨ ਹੀ ਸਵੀਕਾਰ ਕੀਤਾ ਜਾਂਦਾ ਹੈ ਠੀਕ ਇਸੇ ਤਰ੍ਹਾਂ ਸੰਸਾਰਿਕ ਦੁਨੀਆਂ ਦੇ ਵੱਡੇ ਲੋਕ ਉਥੇ ਤੁੱਛ ਮੰਨੇ ਜਾਂਦੇ ਹਨ ਉਥੇ ਤਾਂ, ਬਲਿਦਾਨੀਆਂ ਨੂੰ ਹੀ ਆਦਰ ਸਨਮਾਨ ਮਿਲਦਾ ਹੈ। ਇਥੇ ਇੱਕ ਗੱਲ ਫਿਰ ਤੋਂ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਅਧਿਆਤਮਿਕ ਦੁਨੀਆਂ ਵਿਚ 'ਤਿਆਗ' ਸਰੀਰਕ ਵਸਤੂਆਂ ਦਾ ਤਿਆਗ ਨਹੀਂ ਸਗੋਂ ਮਨ ਦੇ ਫੁਰਨਿਆਂ ਦਾ ਤਿਆਗ ਹੈ। ਸਪਸ਼ਟ ਅਰਥ ਇਹ ਹੈ ਕਿ ਸਾਰੀਆਂ ਸੰਸਾਰਿਕ ਵਸਤੂਆਂ ਦਾ ਲੋੜ ਅਨੁਸਾਰ ਸੁਚੱਜੀ ਵਰਤੋਂ ਕਰੋ, ਪਰ ਕਿਸੇ ਵੀ ਵਸਤੂ ਨੂੰ ਆਪਣੀ ਮੰਨ ਕੇ ਉਸ ਤੇ ਅਧਿਕਾਰ ਨਾ ਰਖੋ ਭਾਵ ਇਹ ਹੈ ਕਿ ਸਾਰੀਆਂ ਸੰਸਾਰਿਕ ਵਸਤੂਆਂ ਸਿਰਫ਼ ਤੁਹਾਡੀਆਂ ਹੀ ਨਹੀਂ ਹਨ, ਉਹ ਤਾਂ ਸਾਰਿਆਂ ਦੀਆਂ ਸਾਂਝੀਆਂ ਹਨ, ਤੁਸੀ ਤਾਂ ਕੇਵਲ ਥੋੜ੍ਹੇ ਸਮੇਂ ਲਈ ਉਨ੍ਹਾਂ ਦੀ ਵਰਤੋਂ ਕਰਨ ਦਾ ਅਧਿਕਾਰ ਰਖਦੇ ਹੋ। ਇਸ ਤਰ੍ਹਾਂ ਮੋਹ ਅਤੇ ਮਾਇਆ ਦੀ ਪਕੜ ਢਿੱਲੀ ਪੈਂਦੀ ਜਾਵੇਗੀ ਅਤੇ ਇਸ ਸੰਸਾਰ ਵਿਚ ਵਿਚਰਦਿਆਂ ਆਪ ਮਾਇਆ ਦੀ ਪਕੜ ਤੋਂ ਮੁਕਤ ਹੋ ਸਕੋਗੇ। ਇਸ ਗੱਲ ਨੂੰ ਸਮਝਾਉਣ ਲਈ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕੁਝ ਵਿਸ਼ੇਸ਼ ਉਦਾਹਰਣ ਪੇਸ਼ ਕੀਤੇ ਗਏ ਹਨ ਜੋ ਇਸ ਪ੍ਰਕਾਰ ਹਨ :-

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**

**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥** (ਅੰਗ 938)

ਅਸਲ ਵਿਚ ਅੰਤਰ-ਮਨ ਦੀ ਖੋਜ ਹੀ 'ਸੱਚ ਦੀ ਖੋਜ' ਹੈ। ਇਸ ਗੱਲ ਨੂੰ ਅਸੀਂ ਸਾਧਾਰਣ ਸ਼ਬਦਾਂ ਵਿਚ ਆਪਣੇ ਅੰਦਰ (ਬੁੱਕਲ ਝਾਕਣਾ ਕਹਿ ਸਕਦੇ ਹਾਂ)। ਜਦੋਂ ਅਸੀਂ ਇਸ ਕਿਰਿਆ ਨੂੰ ਕਰਾਂਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਸਾਡੇ ਮਨ ਦੇ ਅੰਦਰ ਬਹੁਤ ਛਲ, ਕਪਟ ਭਰਿਆ ਹੋਇਆ ਹੈ। ਇਥੇ ਹੀ ਬਸ ਨਹੀਂ, ਅੰਦਰ ਤਾਂ ਨਿੰਦਿਆ ਤੇ ਚੁਗਲੀ ਕਰਨ ਦੇ ਸੰਸਕਾਰਾਂ ਦਾ ਭੰਡਾਰ ਹੈ। ਕਿਤੇ ਵੀ ਸੱਚ ਦੇ ਦਰਸ਼ਨ ਨਹੀਂ ਹੋ ਰਹੇ, ਸਾਨੂੰ ਤਾਂ ਆਪਣਾ ਮਨ ਬਦਲਣਾ ਪਵੇਗਾ, ਇਹ ਕਾਰਜ ਕਿਵੇਂ ਸੰਭਵ ਹੋਵੇਗਾ?

**ਇਸ ਮੁਸ਼ਕਲ ਕਾਰਜ ਨੂੰ ਸੰਭਵ ਬਣਾਉਣ ਲਈ ਇਥੇ ਇੱਕ ਨਿੱਕੀ (ਮਿੰਨੀ) ਕਹਾਣੀ ਪੇਸ਼ ਹੈ:-**

'ਫੁਰਸਤ' ਦੇ ਪਲਾਂ ਵਿਚ ਇੱਕ ਦਿਨ ਮਹਾਰਾਜਾ ਰਣਜੀਤ ਸਿੰਘ ਭਜਨ ਕਰਨ ਲਈ ਮਾਲਾ (ਸਿਮਰਨਾ) ਫੇਰ ਰਹੇ ਸਨ ਤਾਂ ਉਨ੍ਹਾਂ ਦੀ ਨਜ਼ਰ ਆਪਣੇ ਵਿਦੇਸ਼ ਮੰਤਰੀ ਅਜੀਜੁਦੀਨ ਤੇ ਪਈ ਤਾਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਹ ਵੀ ਇਬਾਦਤ ਕਰ ਰਹੇ ਹਨ ਪਰ ਮਾਲਾ (ਤਸਬੀ) ਉੱਲਟੀ ਘੁੰਮਾ ਰਹੇ ਹਨ। ਤਦ ਉਨ੍ਹਾਂ ਦੇ ਮਨ ਵਿਚ ਜਗਿਆਸਾ ਪੈਦਾ ਹੋਈ ਕਿ ਮਾਲਾ ਫੇਰਨ ਦਾ ਕਿਹੜਾ ਤਰੀਕਾ ਠੀਕ ਹੈ, ਤਾਂ ਉਨ੍ਹਾਂ ਨੇ ਅਜੀਜੁਦੀਨ ਨੂੰ ਪ੍ਰਸ਼ਨ ਕੀਤਾ ਕਿ ਮਾਲਾ ਫੇਰਨਾ ਦਾ ਕਿਹੜਾ ਤਰੀਕਾ ਠੀਕ ਹੈ? ਤੁਹਾਡਾ ਜਾਂ ਮੇਰਾ? ਅਜੀਜੁਦੀਨ ਨੇ ਜੁਆਬ ਦਿੱਤਾ ਕਿ ਦੋਵੇ ਹੀ ਠੀਕ ਹਨ, ਮੈ ਜਿਹੜੇ ਮਣਕੇ ਮੁੱਠੀ ਤੋਂ ਬਾਹਰ ਕੱਢ ਰਿਹਾ ਹਾਂ ਉਸ ਦਾ ਭਾਵ ਹੈ, ਮੈਂ ਆਪਣੇ ਮਨ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਗਲਤ ਪ੍ਰਵਿਰਤੀਆਂ ਦਾ ਤਿਆਗ ਕਰ ਰਿਹਾ ਹਾਂ ਅਤੇ ਤੁਸੀਂ, ਧੀਰਜ, ਨਿਮਰਤਾ, ਸੱਚ, ਸੰਤੁਸ਼ਟੀ ਆਦਿ ਸ਼ੁੱਭ ਗੁੱਣਾਂ ਨੂੰ ਧਾਰਣ ਕਰਕੇ ਉਨ੍ਹਾਂ ਦਾ ਸੰਗ੍ਰਹਿ ਕਰ ਰਹੇ ਹੋ।

ਅਸਲ ਵਿਚ ਭਜਨ-ਬੰਦਗੀ ਦਾ ਅਰਥ ਹੀ, ਹਿਰਦਾ (ਮਨ) ਬਦਲਣਾ ਹੈ।, ਭਾਵ ਇਹ ਹੈ ਕਿ ਪੁਰਾਣੀ ਜੀਵਨ ਸ਼ੈਲੀ ਦਾ ਤਿਆਗ ਕਰਕੇ ਨਵੇਂ ਸ਼ੁੱਭ ਆਚਰਣ ਵਾਲੇ ਸੰਸਕਾਰਾਂ ਨੂੰ ਧਾਰਨ ਕਰਨਾ। ਵਰਤਮਾਨ ਯੁੱਗ ਵਿਚ ਇਸ ਗੱਲ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਸਾਡੇ ਕੋਲ ਇੱਕ **"ਪੇੱਨ-ਡਰਾਈਵ"** ਹੈ ਜਿਸ ਵਿਚ ਪਹਿਲਾਂ ਤੋਂ ਹੀ 'ਡਾਟਾ' ਭਰਿਆ ਪਿਆ ਹੈ, ਜੇ ਉਸ ਡਾਟੇ ਨੂੰ ਡਿਲੀਟ ਕਰ ਦੇਈਏ ਅਤੇ ਉਸ ਵਿਚ ਨਵਾਂ ਡਾਟਾ ਭਰ ਲਈਏ ਤਾਂ ਉਹ ਪੈਨ-ਡਰਾਈਵ ਹੁਣ ਪੁਰਾਣੀ ਨਾ ਹੋ ਕੇ ਨਵੀਂ ਤਬਦੀਲੀ ਨਾਲ ਨਵਾਂ ਸਰੂਪ ਧਾਰਣ ਕਰ ਚੁੱਕੀ ਹੈ। ਬਸ ਇਹੀ ਕਿਰਿਆ ਅਸੀ ਆਪਣੇ ਅੰਤਰ-ਮਨ ਵਿਚ ਇਕਾਗਰਤਾ ਨਾਲ ਕਰਨੀ ਹੈ, ਅੰਦਰ ਦੇ ਪੁਰਾਣੇ ਸੰਸਕਾਰਾਂ ਨੂੰ 'ਡਿਲੀਟ' ਕਰ ਕੇ ਨਵੇਂ ਸ਼ੁਭ ਸੰਸਕਾਰਾਂ ਨੂੰ ਭਰਨਾ ਹੈ। ਇਹ ਕਿਰਿਆ ਐਨੀ ਸਹਿਜ ਵੀ ਨਹੀਂ ਪਰ ਅਸੰਭਵ ਵੀ ਨਹੀਂ। ਇਸ ਕਿਰਿਆ ਵਿਚ ਇੱਛਾ ਸ਼ਕਤੀ ਅਤੇ ਆਤਮ-ਬਲ ਹੀ ਸਹਾਇਕ ਹੁੰਦਾ ਹੈ। ਇਸ ਕਿਰਿਆ ਨਾਲ ਜੀਵਨ ਵਿਚ ਕ੍ਰਾਂਤੀ ਆ ਜਾਂਦੀ ਹੈ। ਇਸ ਗੱਲ ਨੂੰ ਸਮਝਣ ਲਈ ਅਸੀਂ ਇਥੇ ਇੱਕ ਛੋਟੀ ਜਿਹੀ ਕਥਾ ਦਾ ਅਧਿਐਨ ਕਰਾਂਗੇ।

ਇੱਕ ਜਗਿਆਸੂ ਇੱਕ ਮਹਾਪੁਰਸ਼ ਦੇ ਡੇਰੇ ਤੇ ਜਾਂਦਾ ਸੀ ਅਤੇ ਉਸ ਨੂੰ ਬੇਨਤੀ ਕਰਦਾ ਸੀ ਕਿ ਉਸ ਨੂੰ ਵੀ 'ਨਾਮਦਾਨ' ਦਿੱਤਾ ਜਾਵੇ ਤਾਂ ਕਿ ਉਹ ਅਧਿਆਤਮਿਕ ਦੁਨੀਆਂ ਦਾ ਪਾਂਧੀ ਬਣ ਜਾਵੇ। ਤਦ ਮਹਾਂਪੁਰਸ਼ ਉਸ ਦੀ ਮਨ ਦੀ ਹਾਲਤ ਵੇਖ ਕੇ ਕਹਿ ਦੇਂਦੇ, ਨਾਮ-ਧਨ ਤੈਨੂੰ ਜ਼ਰੂਰ ਮਿਲੇਗਾ, ਪਰ ਊਸਦੇ ਲਈ ਤੂੰ ਆਪਣੇ ਮਨ ਰੂਪੀ ਬਰਤਨ ਨੂੰ ਪਵਿੱਤਰ (ਸਾਫ) ਕਰ ਅਤੇ ਉਸ ਦੇ ਲਈ ਪਾਤਰ ਬਣ। ਇਸ ਤਰ੍ਹਾਂ ਜਗਿਆਸੂ ਦੀ ਨਾਮ- ਧਨ ਮੰਗਣ ਦੀ ਮੰਗ ਚਲਦੀ ਰਹੀ ਪਰ ਮਹਾਤਮਾ ਨੇ ਉਸ ਨੂੰ 'ਨਾਮ-ਦਾਨ ਨਹੀਂ ਦਿੱਤਾ। ਇੱਕ ਦਿਨ ਮਹਾਤਮਾ ਨੇ ਜਗਿਆਸੂ ਦੀ ਨਾਮ-ਦਾਨ ਪ੍ਰਤੀ ਉਤਸੁਕਤਾ ਦੇਖਦੇ ਹੋਏ ਉਸ ਨੂੰ ਕਿਹਾ, ਅੱਜ ਅਸੀਂ ਤੇਰੇ ਘਰ ਆਵਾਂਗੇ ਅਤੇ ਤੈਨੂੰ

'ਨਾਮ-ਦਾਨ' ਦਿਆਂਗੇ। ਨਿਸ਼ਚਿਤ ਸਮੇਂ ਤੇ ਮਹਾਤਮਾ ਜੀ ਉਸਦੇ ਘਰ ਪਹੁੰਚ ਗਏ ਅਤੇ ਉਨ੍ਹਾਂ ਨੇ ਆਪਣਾ ਭਿਖਿਆ ਵਾਲਾ ਬਰਤਨ (ਕਰਮੰਡਲ) ਉਸ ਨੂੰ ਦਿੱਤਾ ਕਿ ਇਸ ਵਿਚ ਇੱਕ ਕਟੋਰਾ ਦੁੱਧ ਪਾ ਦੇਵੋ, ਤਾਂ ਫਿਰ ਮੈਂ ਤੈਨੂੰ **"ਨਾਮ ਰੂਪੀ ਧਨ"** ਦੇਣ ਦੀ ਪ੍ਰਕਿਰਿਆ ਸ਼ੁਰੂਕਰਦਾ ਹਾਂ, ਜਦੋਂ ਜਗਿਆਸੂ ਨੇ 'ਕਰਮੰਡਲ' ਵੇਖਿਆ ਤਾਂ ਉਸ ਵਿਚੋਂ ਬਦਬੂ ਆ ਰਹੀ ਸੀ, ਉਸ ਵਿਚ ਗੋਹਾ ਸੀ, ਤਦ ਜਗਿਆਸੂ ਨੇ ਕਿਹਾ, ਇਹ ਕਰਮੰਡਲ ਮੈਨੂੰ ਦਿਓ, ਪਹਿਲਾਂ ਮੈਂ ਇਸ ਨੂੰ ਸਾਫ-ਸੁਥਰਾ ਕਰ ਲਵਾਂ ਫਿਰ ਇਸ ਵਿਚ ਦੁੱਧ ਪਾ ਦੇ ਲਿਆਉਂਦਾ ਹਾਂ, ਪਰ ਮਹਾਤਮਾ ਕਹਿਣ ਲੱਗੇ, ਨਹੀਂ ਇਸੇ ਵਿਚ ਦੁੱਧ ਪਾ ਦੇ, ਜਾਗਿਆਸੁ ਕਹਿਣ ਲੱਗਾ ਜੇਕਰ ਮੈਂਨੇ ਇਸ ਨੂੰ ਸਾਫ ਕੀਤੇ ਬਿਨ੍ਹਾਂ ਹੀ ਦੁੱਧ ਪਾ ਦਿੱਤਾ ਤਾਂ ਦੁੱਧ ਖਰਾਬ ਹੋ ਜਾਵੇਗਾ ਅਤੇ ਕਿਸੇ ਕੰਮ ਨਹੀਂ ਆਵੇਗਾ। ਤਦ ਮਹਾਤਮਾ ਕਹਿਣ ਲੱਗੇ, ਮੈਂ ਵੀ ਤਾਂ ਤੈਨੂੰ ਕਈ ਦਿਨਾਂ ਤੋਂ ਇਹੀ ਕਹਿ ਰਿਹਾ ਹਾਂ ਕਿ ਮੈਂ ਤੈਨੂੰ 'ਨਾਮ-ਧਨ' ਦੇਵ ਲਈ ਤਿਆਰ ਹਾਂ ਪਰ ਪਹਿਲਾਂ ਆਪਣਾ ਮਨ ਰੂਪੀ ਬਰਤਨ ਸਾਫ-ਸੁਥਰਾ ਕਰਕੇ ਤਿਆਰ ਰਖੋ, ਨਹੀਂ ਤਾਂ ਨਾਮ ਰੂਪੀ ਧਨ ਨਸ਼ਟ ਹੋ ਜਾਵੇਗਾ। ਉਸ ਦਾ ਕੋਈ ਫਾਇਦਾ ਨਹੀ ਹੋਵੇਗਾ। ਤਦ ਜਗਿਆਸੂ ਮਹਾਤਮਾ ਜੀ ਨੂੰ ਬੇਨਤੀ ਕਰਨ ਲੱਗਾ ਕਿ ਮੈਨੂੰ ਮਨ-ਰੂਪੀ ਬਰਤਨ ਨੂੰ ਸਾਫ ਕਰਨ ਦੀ ਤਕਰੀਬ ਸਿਖਾ ਦਿਓ। ਜੁਆਬ ਵਿਚ ਮਹਾਤਮਾ ਜੀ ਨੇ ਦਸਿਆ ਕਿ ਸਭ ਤੋਂ ਪਹਿਲਾ ਇਹ ਸਮਝ ਲਓ ਕਿ 'ਜੈਸਾ ਅੰਨ ਤੈਸਾ ਮਨ' ਹੁੰਦਾ ਹੈ। ਇਸ ਲਈ ਆਪਣਾ ਖਾਣ-ਪੀਣ ਸ਼ੁੱਧ ਕਰੋ ਅਤੇ ਫਿਰ ਆਪਣੀ ਵਿਚਾਰਧਾਰਾ ਵਿਚ ਹਰ ਰੋਜ਼ ਸੋਧ ਕਰਦੇ ਜਾਓ, ਭਾਵ ਇਹ ਹੈ ਕਿ ਦੂਜਿਆਂ ਦੀ ਨਿੰਦਿਆ, ਈਰਖਾ ਅਤੇ ਚੁਗਲੀ ਆਦਿ ਪ੍ਰਵਿਰਤੀਆਂ ਦਾ ਤਿਆਗ ਕਰਨਾ ਇਸ ਕਾਰਜ ਦੇ ਲਈ ਜ਼ਰੂਰੀ ਹੈ, ਬਾਕੀ ਰਹੀ ਗੱਲ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਮਹਾਂ-ਦੋਸ਼ਾਂ ਦੀ ਤਾਂ ਇਹ ਵਿਕਾਰ ਮਰਦੇ ਨਹੀਂ, ਇਨ੍ਹਾਂ ਤੇ ਕਾਬੂ ਪਾ ਕੇ ਇਨ੍ਹਾਂ ਦਾ ਸਦਉਪਯੋਗ ਕਰਨ ਦੀ ਵਿਧੀ 'ਨਾਮ' ਸਾਧਨਾ ਨਾਲ ਹੌਲੀ-ਹੌਲੀ ਦ੍ਰਿੜ ਹੁੰਦੀ ਜ਼ਾਦੀ ਹੈ।

'ਨਾਮ' ਮਹਾਂ ਸ਼ਕਤੀ ਹੈ, ਜੇਕਰ ਜਗਿਆਸੂ ਦੇ ਮਨ ਵਿਚ ਇਸ ਦਾ ਬੀਜ ਜੜ੍ਹ ਫੜ੍ਹ ਜਾਵੇ ਤਾਂ ਇਹ ਹੌਲੀ-ਹੌਲੀ ਵਿਕਸਿਤ ਹੁੰਦਾ ਜਾਵੇਗਾ। ਇਸਦੇ ਤੇਜ ਪ੍ਰਤਾਪ ਨਾਲ ਆਤਮਾ ਬਲਵਾਨ ਹੁੰਦੀ ਜਾਂਦੀ ਹੈ ਜਿਹੜੀ ਇਨ੍ਹਾਂ ਪ੍ਰਵਿਰਤੀਆਂ ਨੂੰ ਕਾਬੂ ਵਿਚ ਰੱਖਣ ਵਿਚ ਸਫ਼ਲ ਸਿੱਧ ਹੁੰਦੀ ਹੈ।

ਹੁਣ ਪ੍ਰਸ਼ਨ ਹੈ 'ਨਾਮ ਕੀ ਹੈ?' ਉੱਤਰ ਹੈ 'ਨਾਮ' ਅਤੇ 'ਨਾਮੀ' ਵਿਚ ਅੰਤਰ ਨਹੀਂ ਹੁੰਦਾ। ਨਾਮ ਲੈਣ ਨਾਲ ਹੀ ਨਾਮੀ ਦਾ ਬੋਧ ਹੁੰਦਾ ਹੈ ਅਰਥਾਤ ਨਾਮੀ ਦੇ ਗੁੱਣ ਪ੍ਰਗਟ ਹੁੰਦੇ ਹਨ। ਸਾਡਾ ਨਾਮੀ ਹੈ 'ਸੱਚ' ਤਾਂ ਸਪਸ਼ਟ ਹੈ ਨਾਮੀ ਦਾ ਦਾਇਰਾ ਬਹੁਤ ਵਿਕਸਿਤ ਹੈ। ਇਸ ਵਿਚ ਸਾਰੇ ਦੈਵੀ ਗੁੱਣ ਆ ਜਾਂਦੇ ਹਨ ਜਿਵੇਃ- ਦਇਆ, ਧੀਰਜ, ਸੰਤੋਖ, ਖਿਮਾਂ, ਨਿਮਰਤਾ, ਤਿਆਗ, ਬਲਿਦਾਨ ਅਤੇ ਮਧੁਰ ਭਾਸ਼ਾ ਆਦਿ। ਇਹ ਸਾਰੇ ਗੁੱਣਾ ਦਾ ਭੰਡਾਰ ਹਨ 'ਸੱਚ', ਸ਼ਾਇਦ ਇਸੇ ਲਈ ਉਸ ਦੈਵੀ ਸ਼ਕਤੀ ਨੂੰ 'ਸਚਿਦਾਨੰਦ' ਵੀ ਕਹਿੰਦੇ ਹਨ। ਭਾਵ ਅਰਥ ਇਹ ਹੈ ਕਿ ਉਹ ਨਿਰਾਕਾਰ ਜੋਤਿ 'ਸਤਿਆ ਚਿੱਤ ਆਨੰਦ ਹੈ। ਅਧਿਆਤਮਿਕ ਦੁਨੀਆਂ ਦਾ ਸਿਧਾਤ ਹੈ, ਜਿਸ ਨੂੰ ਯਾਦ ਕਰੋ ਉਸ ਦੇ ਗੁੱਣ,

ਯਾਦ ਕਰਨ ਵਾਲੇ ਦੇ ਹਿਰਦੇ (ਮਨ) ਵਿਚ ਵਿਕਸਿਤ ਹੋ ਜਾਦੇ ਹਨ। ਜੇਕਰ ਉਸੇ ਦੀ ਯਾਦ ਹਮੇਸ਼ਾ ਹਿਰਦੇ (ਮਨ) ਵਿਚ ਸਮਾਈ ਰਹੇ ਤਾਂ ਸੁਭਾਵਿਕ ਹੀ ਨਾਮੀ ਅਤੇ ਭਗਤ ਵਿਚ ਗੁੱਣਾਂ ਦੀ ਸਮਾਨਤਾ ਹੁੰਦੀ ਜਾਂਦੀ ਹੈ। ਭਾਵ ਇਹ ਹੈ ਕਿ ਭਗਤ ਵਿਚ ਉਸ ਦੈਵੀ ਜੋਤਿ ਅਰਥਾਤ 'ਸੱਚ ਦੇ ਦਰਸ਼ਨ' ਹੋਣੇ ਸ਼ੁਰੂ ਹੋ ਜਾਂਦੇ ਹਨ।

ਉਪਰ ਲਿਖੀ ਵਿਚਾਰਧਾਰਾ ਤੋਂ ਸਿੱਧ ਹੁੰਦਾ ਹੈ ਕਿ ਉਸ 'ਦੈਵੀ ਜੋਤਿ' ਅਰਥਾਤ ਪ੍ਰਭੂ, ਈਸ਼ਵਰ ਨੂੰ ਕਿਤੇ ਬਾਹਰ ਲੱਭਣ ਕੀ ਲੋੜ ਨਹੀਂ, ਉਹ ਤਾਂ ਸਰਬ-ਵਿਆਪਕ ਹੈ, ਇਸ ਲਈ ਸਾਨੂੰ ਅੰਤਰ-ਮੁਖੀ ਹੋ ਕੇ ਆਪਣੇ ਮਨ ਦੇ ਅੰਦਰ ਝਾਤੀ ਮਾਰਣ ਦੀ ਲੋੜ ਹੈ। ਮਨ (ਹਿਰਦੇ) ਵਿਚ ਤਬਦੀਲੀ ਦੀ ਪ੍ਰਤਿਕਿਰਿਆ ਹੀ ਪ੍ਰਭੂ ਦੀ ਖੋਜ ਹੈ।

ਅਸੀਂ ਇਹ ਤਾਂ ਜਾਣਦੇ ਹੀ ਹਾਂ ਕਿ ਮਿੱਤਰਤਾ ਉਹੀ ਚਿਰ ਸਥਾਈ ਹੁੰਦੀ ਹੈ, ਜਿਥੇ ਦੋ ਪ੍ਰਾਣੀਆਂ ਦੀ ਵਿਚਾਰਧਾਰਾ ਅਤੇ ਆਦਤਾਂ ਵਿੱਚ ਸਮਾਨਤਾ ਹੋਵੇ। ਜੇ ਅਸੀਂ ਖ਼ੁੱਦ ਵਿਚ ਤਬਦੀਲੀ ਲਿਆ ਕੇ ਸ਼ੁਭ ਗੁੱਣਾਂ ਦਾ ਵਿਕਾਸ ਕਰਦੇ ਜਾਵਾਂਗੇ ਅਤੇ ਔਗੁਣਾਂ ਦਾ ਤਿਆਗ ਕਰਨ ਦਾ ਸਦਾ ਪ੍ਰਯਤਨ ਕਰਦੇ ਰਹਾਂਗੇ ਤਾਂ ਸਫਲਤਾ ਸਿਨਿਸਚਿਤ ਹੈ। ਇਹ ਕਾਰਜ ਸੌਖਾ ਤਾਂ ਨਹੀਂ, ਮੁਸ਼ਕਲ ਜ਼ਰੂਰ ਹੈ, ਪਰ ਅਸੰਭਵ ਨਹੀਂ।, ਇਸ ਪ੍ਰਕਿਰਿਆ ਵਿਚ ਮਿਹਨਤ ਬਹੁਤ ਹੈ, ਪਰ ਅਸਲੀ ਪ੍ਰਾਪਤੀਆਂ ਵੀ ਇਸੇ ਪ੍ਰਕਿਰਿਆ ਵਿਚ ਹਨ। ਦੂਜੇ ਕੰਮ ਤਾਂ ਕੇਵਲ ਲੋਕ-ਵਿਖਾਵਾ ਹੀ ਹੁੰਦੇ ਹਨ, ਉਨ੍ਹਾਂ ਵਿਚ ਪ੍ਰਾਪਤੀਆਂ ਨਹੀ ਹੁੰਦੀਆਂ ਅਤੇ ਭਟਕਣ ਦੀ ਅਵਸਥਾ ਹਮੇਸ਼ਾ ਬਣੀ ਰਹਿੰਦੀ ਹੈ। ਕਿਉਂਕਿ ਕੇਵਲ ਕਰਮ-ਕਾਂਡਾਂ ਦੁਆਰਾ ਉਸ 'ਸੱਚ' ਦੀ ਖੋਜ ਅਸੰਭਵ ਹੈ, ਇਨ੍ਹਾਂ ਕਿਰਿਆਵਾਂ ਦਾ ਮਨ ਦੀ ਸ਼ੁੱਧੀ ਅਤੇ ਪਵਿੱਤਰਤਾ ਨਾਲ ਕੋਈ ਸੰਬੰਧ ਨਹੀਂ ਹੁੰਦਾ।

ਜਦੋਂ ਪ੍ਰਭੂ ਕੇਵਲ ਇੱਕ ਹੈ ਤਾਂ ਸਾਰੇ ਵਿਸ਼ਵ ਦਾ ਧਰਮ ਵੀ ਇੱਕ ਹੀ ਹੈ ਅਰਥਾਤ ਸਮੂਹ ਮਾਨਵ ਦਾ ਅਧਿਆਤਮਕ ਪ੍ਰਾਪਤੀਆਂ ਦਾ ਉਦੇਸ਼ ਵੀ ਇਕ ਹੀ ਹੈ। ਸਾਰੇ ਸੰਪਰਦਾਇ ਆਪਣੇ ਆਪ ਵਿਚ ਕੁਝ ਨਾ ਕੁਝ ਸੱਚ ਤੇ ਚੰਗਿਆਈ ਰਖਦੇ ਹਨ। ਭਾਵੇਂ ਹਰ ਸੰਪਰਦਾਇ ਦੀ ਜੀਵਨ-ਸ਼ੈਲੀ ਵੱਖ-ਵੱਖ ਹੈ ਪਰ ਸਿਧਾਤਾਂ ਦੇ ਸੱਚ ਵਿਚ ਸਮਾਨਤਾ ਦੇ ਦਰਸ਼ਨ ਹੁੰਦੇ ਹਨ। ਕਿਉਂਕਿ ਸੱਚ ਤਾਂ ਸਿਰਫ ਇੱਕ ਹੀ ਹੁੰਦਾ ਹੈ। ਇਸ ਲਈ ਗਿਆਨ ਭਾਵੇਂ ਕਿਤੋਂ ਵੀ ਪ੍ਰਾਪਤ ਹੋਵੇ ਝਟਪਟ ਗ੍ਰਹਿਣ ਕਰ ਲੈਣਾ ਚਾਹੀਦਾ ਹੈ। ਅਸਲ ਵਿਵੇਕ ਇਸੇ ਗੱਲ ਵਿਚ ਹੈ ਕਿ ਸਾਰੇ ਸੰਪਰਦਾਵਾਂ ਦਾ ਅਧਿਆਤਮਿਕ ਦ੍ਰਿਸ਼ਟੀ ਤੋਂ ਅਧਿਐਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਸੱਚ ਦੀ ਖੋਜ ਦਾ ਮਾਰਗ ਸਹਿਜ ਅਤੇ ਸਰਲ ਹੁੰਦਾ ਜਾਵੇਗਾ ਕਿਉਂਕਿ ਰੁੜੀਵਾਦੀ ਵਿਚਾਰਧਾਰਾ ਅਤੇ ਫੋਕਟ ਕਰਮ-ਕਾਂਡਾਂ ਤੋਂ ਪਿੱਛਾ ਛੁੱਟਦਾ ਜਾਵੇਗਾ।

ਸਾਰੇ ਮੱਤਾਂ-ਮੰਤਾਂਤਰਾਂ ਨੇ ਧਰਮ-ਕਰਮ ਨੂੰ ਇੱਕ ਕਿੱਤੇ ਦੇ ਰੂਪ ਵਿਚ ਵਿਕਸਿਤ ਕੀਤਾ ਹੋਇਆ ਹੈ, ਜਿਥੇ ਆਮ ਲੋਕਾ ਲਈ ਧਰਮ-ਕਰਮ ਦੇ ਨਾਂ ਤੇ ਭੇਖੀ (ਡੰਮੀ) ਲੋਕਾਂ ਨੇ ਕਰਮ-ਕਾਂਡਾਂ ਦਾ ਜਾਲ ਫੈਲਾਇਆ ਹੋਇਆ ਹੈ, ਇਨ੍ਹਾਂ ਦੇ ਚੁੰਗਲ ਤੋਂ ਸ਼ਾਇਦ ਹੀ ਕੋਈ ਬੱਚ ਸਕਦਾ ਹੋਵੇ। ਇਸ ਤਰ੍ਹਾਂ ਆਮ ਲੋਕ ਆਪਣਾ ਪੈਸਾ ਅਤੇ ਸਮਾਂ ਨਸ਼ਟ ਕਰਕੇ ਅੰਨ੍ਹੀ ਸ਼ਰਧਾ ਦੇ ਕਾਰਣ ਬਿਨ੍ਹਾ ਕੁਝ ਪ੍ਰਾਪਤ ਕੀਤੇ ਖਾਲੀ ਹੱਥ ਵਾਪਸ ਚਲੇ ਜਾਂਦੇ ਹਨ। ਸਚਾਈ ਤਾਂ ਇਹ ਹੈ

ਕਿ ਲੋਕਾਂ ਨੂੰ ਆਪਣਾ ਉਦੇਸ਼ ਵੀ ਪੱਤਾ ਨਹੀਂ ਹੁੰਦਾ। ਉਹ ਤਾਂ ਕੇਵਲ ਦੁਨਿਆਵੀ ਵਸਤੂਆਂ ਦੀ ਪ੍ਰਾਪਤੀ ਨੂੰ ਹੀ ਆਪਣਾ ਉਦੇਸ਼ ਮੰਨ ਕੇ ਧਾਰਮਿਕ ਸਥਾਨਾਂ ਤੇ ਜਾਂਦੇ ਹਨ ਅਤੇ ਧਰਮ-ਕਰਮ ਦੀਆਂ ਕਿਰਿਆਵਾਂ ਵਿਚ ਹਿੱਸਾ ਲੈ ਕੇ ਆਪਣੇ ਆਪ ਨੂੰ ਧਨ ਸਮਝਣ ਲੱਗ ਪੈਂਦੇ ਹਨ। ਇਸ ਤਰ੍ਹਾਂ ਪੁਜਾਰੀ ਸ਼੍ਰੇਣੀ ਨੂੰ ਇੱਕ ਸ਼ੁਭ ਮੌਕਾ ਮਿਲ ਜਾਂਦਾ ਹੈ ਅਤੇ ਉਹ ਲੋਕ ਆਪਣਾ ਉੱਲੂ ਸਿੱਧਾ ਕਰਨ ਲਈ ਇਨ੍ਹਾਂ ਅਗਿਆਨੀ ਲੋਕਾ ਨੂੰ ਕਈ ਪ੍ਰਕਾਰ ਦੇ ਕਰਮ-ਕਾਂਡ ਕਰਨ ਲਈ ਪ੍ਰੇਰਿਤ ਕਰਦੇ ਹਨ ਤੇ ਕਹਿੰਦੇ ਹਨ ਕਿ ਅਨੇਕ ਤਰ੍ਹਾਂ ਦੇ ਦਾਨ ਕਰਨ ਨਾਲ ਉਨ੍ਹਾਂ ਦੀਆਂ ਆਸ਼ਾਵਾਂ ਪੂਰੀਆ ਹੋਣਗੀਆਂ, ਵਧੇਰੇ ਸੰਪੰਨ ਲੋਕ ਅੰਧਵਿਸ਼ਵਾਸ਼ ਦੇ ਕਾਰਣ ਇਨ੍ਹਾਂ ਦੇ ਝਾਂਸੇ ਵਿਚ ਫਸਦੇ ਜਾਂਦੇ ਹਨ ਅਤੇ ਬਿਨ੍ਹਾਂ ਅਧਿਆਤਮਿਕ ਪ੍ਰਾਪਤੀਆਂ ਦੇ ਕੋਰੇ ਹੀ ਪਰਤ ਜਾਂਦੇ ਹਨ।

ਹੈਰਾਨਗੀ ਇਹ ਹੈ ਕਿ ਲਗਭਗ ਸਾਰੇ ਸੰਪਰਦਾਵਾਂ ਵਿਚ ਵਰਤਮਾਨ ਕਾਲ ਵਿਚ ਇਹੀ ਕੁਝ ਹੀ ਚਲ ਰਿਹਾ ਹੈ। ਧਰਮ-ਕਰਮ ਦੇ ਨਾਂ ਤੇ ਸ਼ੋਸ਼ਣ-ਬਾਜੀ ਦੀ ਖੇਡ ਹੀ ਖੇਡੀ ਜਾ ਰਹੀ ਹੈ। ਅਸਲੀਅਤ ਇਹ ਹੈ ਕਿ ਲੋਕ ਅਧਿਆਤਮਿਕ ਪ੍ਰਾਪਤੀਆਂ ਲਈ ਕੋਈ ਮਿਹਨਤ, ਤਿਆਗ, ਸੇਵਾ, ਸਿਮਰਨ ਆਦਿ ਕਰਨਾ ਹੀ ਨਹੀਂ ਚਾਹੁੰਦੇ, ਉਹ ਲੋਕ ਤਾਂ ਮਾਇਆ ਦੇ ਜੋਰ ਤੇ ਅਧਿਆਤਮਿਕ ਦੁਨੀਆਂ ਦੀਆਂ ਪ੍ਰਾਪਤੀਆਂ ਨੂੰ ਵੀ ਖਰੀਦਣਾ ਚਾਹੁੰਦੇ ਹਨ, ਜੋ ਕਿ ਕਿਸੇ ਤਰ੍ਹਾਂ ਵੀ ਸੰਭਵ ਨਹੀਂ, ਇਸ ਤਰ੍ਹਾਂ ਅੰਧ-ਵਿਸ਼ਵਾਸ ਦਾ ਬੋਲ-ਬਾਲਾ ਹੋ ਰਿਹਾ ਹੈ। ਅਸਲੀ ਧਰਮ ਦੇ ਕਿਤੇ ਵੀ ਦਰਸ਼ਨ ਨਹੀਂ ਹੋ ਰਹੇ। ਸ਼ਾਇਦ ਇਸੇ ਲਈ ਪੜ੍ਹੀ-ਲਿਖੀ ਨੌਜੁਆਨ ਪੀੜੀ ਵਿਚ ਨਾਸਤਿਕ ਹੋਣ ਕੇ ਲੱਛਣ ਸਪਸ਼ਟ ਦਿਖਾਈ ਦੇ ਰਹੇ ਹਨ। ਧਰਮ-ਕਰਮ ਹੈ ਤਾਂ ਵਿਅਕਤੀਗਤ, ਇਹ ਕਿਸੇ ਤੇ ਵੀ ਜ਼ਬਰਦਸਤੀ ਨਹੀਂ ਥੋਪਿਆ ਜਾ ਸਕਦਾ ਕਿਉਂਕਿ ਇਸ ਤਰ੍ਹਾਂ ਸਰਧਾ-ਭਗਤੀ ਨੂੰ ਸਹੀ ਮਾਰਗ-ਦਰਸ਼ਨ ਨਹੀਂ ਮਿਲ ਸਕਦਾ, ਇਸ ਲਈ ਆਸਥਾ ਗਲਤ ਮਾਰਗ ਤੇ ਚਲਣ ਦੇ ਕਾਰਣ ਹੌਲੀ-ਹੌਲੀ ਨਸ਼ਟ ਹੁੰਦੀ ਜਾਂਦੀ ਹੈ ਅਤੇ ਭਟਕਣਾ ਬਣੀ ਰਹਿੰਦੀ ਹੈ। ਕਿਉਂਕਿ ਮਿਹਨਤ ਸਫਲ ਨਹੀ ਹੁੰਦੀ ਤੇ ਧਨ ਅਤੇ ਸਮਾਂ ਆਦਿ ਵਿਅਰਥ ਚਲੇ ਜਾਂਦੇ ਹਨ। ਬੁੱਧੀ-ਜੀਵੀ (**ਵਿਦਵਾਨ**) ਵਰਗ ਇਨ੍ਹਾਂ ਕਰਮਾ ਨੂੰ ਕੇਵਲ ਪਾਖੰਡ ਕਹਿ ਕੇ ਸਖਤ ਸ਼ਬਦਾਂ ਵਿਚ ਇਸ ਦੀ ਨਿੰਦਿਆ ਕਰਦਾ ਹੈ।

ਅਸਲੀਅਤ ਇਹ ਹੈ ਕਿ ਪੂਰੇ ਗੁਰੂ ਦੀ ਅਗਵਾਈ ਦੀ ਘਾਟ ਦੇ ਕਾਰਣ ਸਾਰੇ ਵਰਗ ਵਰਤਮਾਨ ਕਾਲ ਵਿਚ ਵਿਆਕੁਲ ਰਹਿੰਦੇ ਹਨ। ਕਿਉਂਕਿ ਉਨ੍ਹਾਂ ਨੂੰ ਇਹ ਗਿਆਨ ਨਹੀ ਹੁੰਦਾ ਕਿ ਅਧਿਆਤਮਿਕ ਦੁਨੀਆ ਦੀਆਂ ਪ੍ਰਾਪਤੀਆਂ ਸਿਰਫ਼ ਅੰਤਰ-ਮੁੱਖੀ ਹੋਣ ਨਾਲ ਹੀ ਹੁੰਦੀਆਂ ਹਨ। ਬਾਹਰ ਕਿਤੇ ਵੀ ਅਧਿਆਤਮਿਕ ਸੁੱਖ ਨਹੀਂ, ਜਿਸ ਦੀ ਖੋਜ ਜੀਵ-ਆਤਮਾ ਅਥਵਾ ਜਗਿਆਸੂ ਕਰ ਰਿਹਾ ਹੁੰਦਾ ਹੈ। ਹੁਣ ਪ੍ਰਸ਼ਨ ਉੱਠਦਾ ਹੈ ਕਿ ਅਸੀਂ ਅੰਤਰ-ਮੁਖੀ ਕਿਸ ਤਰ੍ਹਾਂ ਬਣੀਏ? ਜੁਆਬ ਹੈ ਜਿਵੇਂ ਗਣਿਤ ਦੇ ਕਈ ਪ੍ਰਸ਼ਨਾਂ ਨੂੰ ਹੱਲ ਕਰਨ ਲਈ ਫਾਰਮੂਲੇ ਹੁੰਦੇ ਹਨ ਅਤੇ ਉਹ ਸਿੱਖਣੇ ਪੈਂਦੇ ਹਨ। ਉਸ ਲਈ ਅਧਿਆਪਕ ਅਤੇ ਕਿਤਾਬਾਂ ਚਾਹੀਦੀਆਂ ਹਨ, ਠੀਕ ਇਸੇ ਤਰ੍ਹਾਂ ਅਧਿਆਤਮਿਕ

ਦੁਨੀਆਂ ਦੀ ਪੜ੍ਹਾਈ ਦੇ ਲਈ ਸਤਿਸੰਗ ਬਹੁਤ ਜ਼ਰੂਰੀ ਹੈ। ਜਿਥੇ ਉਸ ਦੈਵੀ-ਜੋਤਿ ਨਾਲ ਮਿਲਣ ਦੀ ਚਰਚਾ ਹੁੰਦੀ ਹੈ ਅਤੇ ਜਿਥੇ ਪੂਰਨ ਪੁਰਸ਼ਾਂ ਦੁਆਰਾ ਆਪਣੇ ਤਜਰਬੇ ਕਵਿਤਾ ਅਤੇ ਵਾਰਤਕ ਰੂਪਾ ਵਿਚ ਦਸੇ ਗਏ ਹਨ। ਉਨ੍ਹਾਂ ਸਿਧਾਤਾਂ ਤੇ ਵਿਚਾਰ-ਵਟਾਦਰਾ ਕੀਤਾ ਜਾਂਦਾ ਹੋਵੇ, ਜਿਨ੍ਹਾਂ ਦੁਆਰਾ ਓਹ ਲੋਕ ਉਸ ਪਰਮ ਪਿਤਾ ਵਿਚ ਅਭੇਦ ਹੋਣ ਵਿਚ ਸਫਲ ਹੋਏ ਹੋਣ।

ਇਸੇ ਸੰਬੰਧ ਵਿਚ ਇਥੇ ਕਬੀਰ ਜੀ ਦੁਆਰਾ ਦਿੱਤਾ ਗਿਆ, ਉਦਾਹਰਣ, ਉਨ੍ਹਾਂ ਦੇ ਇੱਕ ਉਪਦੇਸ਼ ਦਾ ਵਰਣਨ ਕਰ ਰਹੇ ਹਾਂ ਕਲੰਦਰ ਲੋਕ (**ਬਾਂਦਰ ਫੜ੍ਹਨ ਵਾਲੇ**) ਇੱਕ ਬਹੁਤ ਛੋਟੇ ਮੂੰਹ ਵਾਲੀ ਕੁੱਜੀ ਜ਼ਮੀਨ ਵਿਚ ਗੱਡ ਦੇਂਦੇ ਹਨ। ਉਸ ਵਿਚ ਕੁਝ ਭੁੰਨੇ ਹੋਏ ਛੋਲਿਆਂ ਦੇ ਦਾਣੇ ਪਾ ਦੇਂਦੇ ਹਨ। ਜਦੋਂ ਬਾਂਦਰ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਕੁੱਜੀ ਵਿਚ ਛੋਲਿਆਂ ਦੇ ਦਾਣੇ ਹਨ ਤਾਂ ਉਹ ਜਿਵੇ-ਤਿਵੇਂ ਕੁੱਜੀ ਵਿਚ ਹੱਥ ਪਾ ਕੇ ਛੋਲੇ ਮੁੱਠੀ ਵਿਚ ਭਰ ਲੈਂਦਾ ਹੈ ਪਰ ਕੁੱਜੀ ਦੇ ਮੂੰਹ ਦਾ ਆਕਾਰ ਬਹੁਤ ਛੋਟਾ ਹੋਣ ਕਰਕੇ ਉਸ ਵਿਚੋਂ ਦਾਣਿਆ ਨਾਲ ਭਰੀ ਮੁੱਠੀ ਬਾਹਰ ਨਹੀਂ ਨਿਕਲਦੀ, ਇਸ ਤਰ੍ਹਾਂ ਬਾਂਦਰ ਭਰੀ ਹੋਈ ਮੁੱਠੀ ਨਾਲ ਉਥੋ ਮੁਕਤ ਨਹੀਂ ਹੋ ਸਕਦਾ ਅਤੇ ਸੰਘਰਸ਼ ਕਰਦਾ ਰਹਿੰਦਾ ਹੈ। ਪਰ ਉਹ ਦਾਣਿਆਂ ਨੂੰ ਵੀ ਛੱਡਣ ਲਈ ਤਿਆਰ ਨਹੀ ਹੁੰਦਾ। ਜੇ ਉਹ ਛੋਲਿਆ ਦੇ ਦਾਣਿਆਂ ਨੂੰ ਤਿਆਗ ਦੇਵੇ ਤਾਂ ਮੁਕਤੀ ਤੁਰੰਤ ਸੰਭਵ ਹੈ। ਪਰ ਉਹ ਅਜਿਹਾ ਕਰਨਾ ਨਹੀਂ ਚਾਹੁੰਦਾ, ਜਿਸ ਕਾਰਣ ਕਲੰਦਰ ਉਸ ਨੂੰ ਫੜ੍ਹ ਲੈਂਦੇ ਹੈ ਅਤੇ ਆਪਣਾ ਦਾਸ ਬਣਾ ਕੇ ਘਰ-ਘਰ ਨਚਾ ਕੇ ਆਪਣੀ ਜੀਵਿਕਾ ਕਮਾਉਂਦਾ ਰਹਿੰਦਾ ਹੈ।

**ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥**

**ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ ॥**

ਗਉੜੀ ਭਗਤ ਕਬੀਰ ਜੀ, (ਅੰਗ- 336)

ਇਸ ਲਘੂ-ਕਥਾ ਦਾ ਭਾਵ ਇਹ ਹੈ ਕਿ ਮਾਨਵ ਵੀ ਲਾਲਸਾ ਕਰਕੇ ਵਸਤੂਆਂ ਦਾ ਤਿਆਗ ਨਹੀਂ ਕਰ ਸਕਦਾ ਜਿਸ ਕਾਰਣ ਉਹ ਬਹੁਤ ਦੁੱਖ ਸਹਿੰਦਾ ਹੈ ਅਰਥਾਤ ਤਿਆਗ ਵਿਚ ਹੀ ਸੁੱਖ ਹੈ, ਜਿਸ ਨੂੰ ਅਗਿਆਨੀ ਮੱਨੁਖ ਸਮਝ ਨਹੀਂ ਸਕਦਾ। ਮੱਨੁਖ ਤ੍ਰਿਸ਼ਨਾ ਅਤੇ ਲਾਲਸਾ ਕਰਕੇ ਹਮੇਸ਼ਾ ਦੂਜੇ ਲੋਕਾਂ ਦਾ ਦਾਸ ਬਣ ਕੇ ਦੁੱਖ ਸਹਿੰਦਾ ਰਹਿੰਦਾ ਹੈ।

ਹੁਣ ਫਿਰ ਸੁਆਲ ਉੱਠਦਾ ਹੈ ਕਿ ਬਹੁਤ ਸਾਰੇ ਲੋਕ ਤਿਆਗੀ ਵੀ ਦਿਖਾਈ ਦੇਂਦੇ ਹਨ। ਉਨ੍ਹਾਂ ਨੇ ਤਾਂ ਸੰਸਾਰ ਹੀ ਤਿਆਗ ਦਿੱਤਾ ਹੈ, ਜੰਗਲਾਂ ਵਿਚ ਰਹਿੰਦੇ ਹਨ। ਇਥੋਂ ਤੱਕ ਕਿ ਕਈ ਤਾਂ ਕਪੜੇ ਵੀ ਨਹੀਂ ਪਾਉਂਦੇ ਫਿਰ ਵੀ ਉਨ੍ਹਾਂ ਦੀ ਭਟਕਣ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ?

ਜੁਆਬ ਹੈ – ਉਨ੍ਹਾਂ ਨੇ ਕੁਦਰਤ ਦੇ ਨਿਯਮਾਂ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ। ਸਰੀਰ ਤੋਂ ਚੀਜ਼ਾਂ ਦਾ ਤਿਆਗ, ਤਿਆਗ ਨਹੀਂ ਹੈ, ਉਨ੍ਹਾਂ ਨੂੰ ਤਾਂ ਕੇਵਲ ਮਨ ਤੋਂ ਤਿਆਗੀ ਹੋਣਾ ਚਾਹੀਦਾ ਸੀ। ਸਾਨੂੰ ਸਭ ਤੋਂ ਪਹਿਲਾਂ ਇਹ ਜਾਣ ਲੈਣਾ ਚਾਹੀਦਾ ਹੈ ਕਿ ਕੁਦਰਤ ਦਾ ਨਿਯਮ ਗ੍ਰਹਿਸਤ ਆਸ਼ਰਮ ਹੀ ਹੈ ਜੇ ਸਾਰੇ ਸੰਨਿਆਸ ਲੈ ਲੈਣਗੇ ਤਾਂ ਸ਼੍ਰਿਸ਼ਟੀ ਦੀ ਉਤਪਤੀ ਅਤੇ ਵਿਕਾਸ ਕਿਸ ਤਰ੍ਹਾਂ ਹੋਵੇਗਾ? ਜਿਨ੍ਹਾਂ ਬੁੱਧੀਜੀਵੀਆਂ ਨੇ ਕੁਦਰਤ ਦੇ ਨਿਯਮਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਪ੍ਰਾਪਤੀਆਂ ਵੀ ਉਨ੍ਹਾਂ ਨੂੰ ਹੋਈਆਂ ਹਨ ਭਾਵੇ ਵਿਗਿਆਨ ਦਾ ਖੇਤਰ ਹੈ ਅਥਵਾ ਅਧਿਆਤਮਿਕ ਖੇਤਰ, ਕੁਦਰਤ ਦੇ ਨਿਯਮਾਂ ਦੀ ਖੋਜ ਹੀ 'ਸੱਚ ਦੀ ਖੋਜ਼' ਹੈ। ਜਿਨ੍ਹਾਂ ਲੋਕਾਂ ਨੇ ਪਦਾਰਥ ਦੀ ਉਤਪਤੀ ਦੇ ਨਿਯਮਾਂ ਦੀ ਖੋਜ ਕੀਤੀ ਉਹ ਵਿਗਿਆਨੀ ਬਣ ਗਏ। ਜਿਨ੍ਹਾਂ ਨੇ ਅੰਤਰਮੁਖੀ ਹੋ ਕੇ ਆਤਮਾ ਨੂੰ ਖੋਜਿਆ ਉਹ ਸੱਚ ਦੇ ਪਾਂਧੀ ਬਣ ਗਏ

ਹੁਣ ਫਿਰ ਪ੍ਰਸ਼ਨ ਉੱਠਦਾ ਹੈ ਕਿ ਸਾਰੇ 'ਖੋਜ-ਕਰਤਾ' ਬਣਨ ਵਾਲਿਆਂ ਨੂੰ ਪ੍ਰਾਪਤੀਆਂ ਕਿਉ ਨਹੀਂ ਹੁੰਦੀਆਂ ਜਦਕਿ ਕੁਝ ਲੋਕ ਮਿਹਨਤ ਵੀ ਬਹੁਤ ਕਰਦੇ ਹਨ? ਜੁਆਬ ਹੈ ਬਹੁਤ ਸਾਰੇ ਵਿਦਿਆਰਥੀ ਜਮਾਤ ਵਿਚ ਇਕੱਠੇ ਬੈਠ ਕੇ ਅਧਿਆਪਕ ਤੋਂ ਸਿੱਖਿਆ ਗ੍ਰਹਿਣ ਕਰਦੇ ਹਨ ਪਰ ਫਸ਼ਟ ਡਿਵੀਜਨ ਕੋਈ-ਕੋਈ ਵਿਦਿਆਰਥੀ ਹੀ ਪ੍ਰਾਪਤ ਕਰਦਾ ਹੈ। ਕਈ ਵਿਦਿਆਰਥੀ ਤਾਂ ਬਿਲਕੁਲ ਅਸਫਲ ਹੀ ਰਹਿੰਦੇ ਹਨ, ਅਜਿਹਾ ਕਿਉਂ? ਜੁਆਬ ਹੈ, ਵਿਦਿਆਰਥੀ ਦੀ ਸਿੱਖਣ ਦੀ ਕਾਬਲੀਅਤ ਜਾਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਮਨ ਦੀ ਇਕਾਗਰਤਾ ਅਰਥਾਤ ਵਿਦਿਆਰਥੀ ਆਪਣੇ ਆਪ ਨੂੰ ਸਿੱਖਣ ਦੇ ਸਮੇਂ ਵਰਤਮਾਨ ਵਿਚ ਸਥਿਰ ਰੱਖਣ ਦੀ ਕਿੰਨੀ ਕੋਸ਼ਿਸ਼ ਕਰਦਾ ਹੈ? ਕਿਉਂਕਿ ਮਨ ਚੰਚਲ ਹੈ, ਇਹ ਟਿਕਦਾ ਨਹੀਂ, ਇਹ ਕਦੇ ਭੂਤ ਕਾਲ ਵਿਚ ਚਲਾ ਜਾਂਦਾ ਹੈ ਕਦੇ ਭਵਿੱਖ ਦੇ ਸੁਪਨਿਆਂ ਵਿਚ। ਮਨ ਨੂੰ ਵਰਤਮਾਨ ਵਿਚ ਸਥਿਰ ਰਖਣਾ ਮੁਸ਼ਕਿਲ ਹੁੰਦਾ ਹੈ। ਜਿਹੜੇ ਲੋਕ ਮਨ ਨੂੰ ਵਰਤਮਾਨ ਵਿਚ ਸਥਿਰ ਰੱਖਣ ਦੀ ਤਰਕੀਬ ਨੂੰ ਸਮਝ ਲੈਂਦੇ ਹਨ, ਪ੍ਰਾਪਤੀਆਂ ਵੀ ਉਨ੍ਹਾਂ ਨੂੰ ਹੀ ਹੁੰਦੀਆਂ ਹਨ। ਅਸਲ ਵਿਚ ਵਰਤਮਾਨ ਦਾ ਸਮਾਂ ਬਹੁਤ ਛੋਟਾ ਹੈ, ਇਹ ਤਾਂ ਕੇਵਲ ਛਿਣ ਪਲ ਹੀ ਹੈ ਜੋ ਬੀਤ ਗਿਆ ਉਹ ਭੂਤ ਕਾਲ, ਜੋ ਅਜੇ ਆਇਆ ਨਹੀ ਉਹ ਭਵਿੱਖਤ ਕਾਲ...... ਖੈਰ ਮਨ ਨੂੰ ਵਰਤਮਾਨ ਵਿਚ ਸਥਿਰ ਰੱਖ ਸਕਣਾ ਹੀ ਸਫਲਤਾ ਦੀ ਕੁੰਜੀ ਹੈ।

ਅਧਿਆਤਮਿਕ ਸੰਸਾਰ ਵਿਚ ਮੰਨਿਆ ਗਿਆ ਹੈ ਕਿ ਇਹ ਮਾਤ ਲੋਕ ਕਰਮ-ਭੂਮੀ ਹੈ, ਸਾਡੇ ਕੀਤੇ ਕੰਮ ਹੀ ਸਾਡੇ ਸੰਸਕਾਰ ਬਣਨਗੇ। ਕੁਦਰਤ ਅਥਵਾ ਦੈਵੀ ਜੋਤਿ ਸਥਿਰ ਰਹਿੰਦੀ ਹੈ, ਇਨ੍ਹਾਂ ਸ਼ਕਤੀਆਂ ਦਾ ਸਾਡੇ ਜੀਵਨ ਵਿਚ ਕੋਈ ਦਖਲ ਨਹੀਂ ਹੁੰਦਾ। ਕੁਦਰਤ ਦੇ ਨਿਯਮਾਂ ਅਨੁਸਾਰ ਅਸੀਂ ਵੀ ਵਿਕਾਸ ਕਰਨਾ ਹੈ ਅਤੇ ਉਨਤੀ ਕਰਦੇ ਹੋਏ ਅਗੇ ਵਧਣਾ ਹੈ, ਪਰ ਅਸੀਂ ਹਾਂ ਕਿ ਅੱਗੇ ਵਧਣਾ ਹੀ ਨਹੀਂ ਚਾਹੁੰਦੇ। ਉਦਾਹਰਣ ਲਈ, ਅਕਸਰ ਹਿੰਦੂ

ਔਰਤਾਂ ਕਹਿੰਦੀਆਂ ਹਨ ਕਿ ਮੈਂ ਤਾਂ ਸੱਤ-ਜਨਮਾਂ ਤੱਕ ਇਸੇ ਪਤੀ ਦਾ ਸਾਥ ਚਾਹੁੰਦੀ ਹਾਂ। ਇਸ ਦਾ ਸਪਸ਼ਟ ਅਰਥ ਇਹ ਹੈ ਕਿ ਮੈਂ ਵਾਰ-ਵਾਰ ਜਨਮ-ਮਰਨ ਦੇ ਚੱਕਰਵਿਊ ਨੂੰ ਸਵੀਕਾਰ ਕਰਦੀ ਹਾਂ ਅਤੇ ਮੈਨੂੰ ਮੁਕਤੀ ਨਹੀਂ ਚਾਹੀਦੀ। ਜਦੋਂ ਇੱਛਾ ਸ਼ਕਤੀ ਇਸ ਮਾਤ ਲੋਕ ਦੇ ਬੰਧਨਾਂ ਅਥਵਾ ਸੰਬੰਧਾਂ ਨੂੰ ਤਿਆਗ ਕੇ ਅੱਗੇ ਵੱਧਣਾ ਹੀ ਨਹੀਂ ਚਾਹੁੰਦੀ ਤਾਂ ਮੁਕਤੀ ਕਿਵੇਂ ਪ੍ਰਾਪਤ ਹੋ ਸਕਦੀ ਹੈ। ਇਹ ਮੰਗ ਤਾਂ ਅਜਿਹੀ ਹੋਈ ਕਿ ਕੋਈ ਵਿਦਿਆਰਥੀ ਕਹੇ ਕਿ ਮੈਂ ਇਸ ਇੱਕ ਜਮਾਤ ਵਿਚ ਸੱਤ ਸਾਲ ਤੱਕ ਅਸਫਲ ਹੁੰਦਾ ਰਹਾਂ। ਹੁਣ ਵਿਚਾਰੋ, ਉਸ ਨਾਦਾਨ ਵਿਦਿਆਰਥੀ ਨੇ ਕੀ ਮੰਗਿਆ? ਅਸਲ ਵਿਚ ਅਸੀਂ ਸਾਰੇ ਅਗਿਆਨਤਾ ਵੱਸ ਅਜਿਹਾ ਕੁਝ ਹੀ ਕਰਦੇ ਹਾਂ, ਅੱਗੇ ਵਧਣ ਲਈ ਵਿਚਾਰ ਹੀ ਨਹੀਂ ਕਰਦੇ, ਮੋਹ-ਮਾਇਆ ਦੇ ਬੰਧਨਾਂ ਨੂੰ ਤੋੜਨ ਦੀ ਕੋਸ਼ਿਸ ਹੀ ਨਹੀਂ ਕਰਦੇ ਸਗੋ ਉਨ੍ਹਾਂ ਤੇ ਆਪਣੀ ਪਕੜ ਹੋਰ ਮਜ਼ਬੂਤ ਕਰਦੇ ਜਾਂਦੇ ਹਾਂ। ਜਦਕਿ ਇਹ ਸਾਰੇ ਰਿਸ਼ਤੇ-ਨਾਤੇ ਤਾਂ ਉਸ ਪਿਤਾ ਪਰਮੇਸ਼ਰ ਤੱਕ ਪਹੁੰਚਾਉਣ ਦੇ ਲਈ ਸਿਰਫ ਇੱਕ ਸਾਧਨ ਮਾਤਰ ਹੀ ਸਨ। ਅਸੀਂ ਸਾਧਨਾਂ ਨੂੰ ਹੀ ਮੰਜ਼ਿਲ ਸਮਝ ਕੇ ਉਸੇ ਵਿਚ ਹੀ ਉਲਝੇ ਰਹਿੰਦੇ ਹਾਂ। ਹੁਣ ਪ੍ਰਸ਼ਨ ਉੱਠਦਾ ਹੈ ਕਿ ਮੋਹ-ਮਾਇਆ ਦੇ ਬੰਧਨਾਂ ਨੂੰ ਤੋੜਨ ਦੀ ਤਰਕੀਬ ਕੀ ਹੈ? ਉੱਤਰ ਹੈ:- ਅਸੀਂ ਕਈ ਘਟਨਾਵਾਂ ਸੁਣੀਆਂ ਅਤੇ ਵੇਖੀਆਂ ਹੁੰਦੀਆਂ ਹਨ ਕਿ ਫਲਾਣੀ-ਫਲਾਣੀ ਮੁਟਿਆਰ ਮਾਤਾ-ਪਿਤਾ ਦੀ ਆਗਿਆ ਨਾ ਮਿਲਣ ਤੇ ਵੀ ਆਪਣੇ ਪ੍ਰੀਤਮ (ਪ੍ਰੇਮੀ) ਦੇ ਨਾਲ ਮੋਹ-ਮਾਇਆ ਦੇ ਬੰਧਨਾਂ ਨੂੰ ਤੋੜ ਕੇ ਚਲੀ ਗਈ। ਇਹ ਕੀ ਸੀ? ਹੁਣ ਅਸੀਂ ਇਨ੍ਹਾਂ ਘਟਨਾਵਾ ਨੂੰ ਅਧਿਆਤਮਿਕ ਦ੍ਰਿਸ਼ਟੀ ਕੋਣ ਤੋਂ ਦੇਖਾਂਗੇ, ਉਸ ਮੁਟਿਆਰ ਵਿਚ ਆਤਮ-ਬਲ ਸੀ, ਤਿਆਗ ਸੀ ਅਤੇ ਆਪਣੇ ਪ੍ਰੀਤਮ ਤੇ ਨਿਛਾਵਰ ਹੋਣ ਦਾ ਦ੍ਰਿੜ ਸੰਕਲਪ ਸੀ, ਜਿਹੜਾ ਉਸ ਨੂੰ ਨਵੀਂ ਦੁਨੀਆਂ ਭਾਵ ਪ੍ਰੀਤਮ ਦੇ ਦੇਸ਼ ਲੈ ਗਿਆ।

ਅਕਸਰ ਅਧਿਆਤਮਿਕ ਦੁਨੀਆ ਵਿਚ ਸਾਰੇ ਸੰਪਰਦਾਵਾਂ ਵਿਚ ਅੰਧ-ਵਿਸ਼ਵਾਸ ਦਾ ਬੋਲ-ਬਾਲਾ ਵੀ ਰਹਿੰਦਾ ਹੈ। ਸਾਰਾ ਕੁਝ ਦੇਖਾ-ਦੇਖੀ, ਭੇਡ-ਚਾਲ ਵਾਂਗ ਹੀ ਕੀਤਾ ਜਾਂਦਾ ਹੈ, ਕਿਤੇ ਵੀ ਤਰਕੀਬ ਅਤੇ ਤਰਕ ਨਾਲ ਕੰਮ ਨਹੀਂ ਲਿਆ ਜਾਂਦਾ, ਜਿਸ ਕਰਕੇ ਸਾਡੀ ਸਖਤ ਮਿਹਨਤ ਵਿਅਰਥ ਚਲੀ ਜਾਂਦੀ ਹੈ। ਸਾਨੂੰ ਪ੍ਰਾਪਤੀਆਂ ਨਹੀਂ ਹੁੰਦੀਆਂ। ਇਸ ਦਾ ਕਾਰਣ ਹੈ ਕਿ ਅਸੀਂ ਪਾਖੰਡ ਅਤੇ ਯਥਾਰਥ (ਅਸਲੀਅਤ) ਵਿਚ ਫਰਕ ਨਹੀਂ ਸਮਝ ਸਕੇ। ਫਲਸਰੂਪ ਅਸੀਂ ਜੀਵਨ ਦਾ ਅਨਮੋਲ ਸਮਾਂ ਜੱਗ-ਦਿਖਾਵੇ ਅਤੇ ਅੰਧ-ਵਿਸ਼ਵਾਸ ਵਿਚ ਨਸ਼ਟ ਕਰਦੇ ਰਹਿੰਦੇ ਹਾਂ। ਜਦੋਂ ਮਾਨਵ ਸਮਾਜ ਵਿਵੇਕ ਨਾਲ ਅਧਿਆਤਮਿਕ ਦੁਨੀਆਂ ਦੀ ਖੋਜ ਕਰੇਗਾ ਤਾਂ ਸਹਿਜ ਰੂਪ ਵਿਚ ਹੀ ਪ੍ਰਾਪਤੀਆਂ ਹੁੰਦੀਆਂ ਜਾਣਗੀਆਂ, ਅਸਲ ਵਿਚ ਪਾਖੰਡ ਦਾ ਰੂਪ ਬਹੁਤ ਹੀ (ਵਿਸ਼ਾਲ) ਵਿਸਤ੍ਰਿਤ ਹੈ, ਜਿਸ ਨੂੰ ਯਥਾਰਥ ਨਾਲੋ ਅਲਗ ਕਰਨਾ ਸੌਖਾ ਨਹੀ, ਕਿਉਂਕਿ ਅਸੀ ਪਰੰਪਰਾਗਤ ਇਸ ਵਿਚ ਉਲਝੇ ਹੋਏ ਹੁੰਦੇ ਹਾਂ, ਕਾਰਣ ਇਹ ਹੈ ਕਿ ਸਾਡੇ ਵੱਡੇ-ਵੱਡੇਰੇ ਇਸੇ ਅਨੁਸਾਰ ਹੀ ਕਰਦੇ ਚਲੇ ਆ ਰਹੇ ਹਨ।

ਕੁਝ ਕਿਰਿਆਵਾਂ ਧਰਮ-ਕਰਮ ਦਾ ਅਨਿੱਖੜਾਂ ਅੰਗ ਹੁੰਦੀਆਂ ਹਨ, ਕਿਉਂਕਿ ਇਨ੍ਹਾਂ ਤੋਂ ਬਿਨ੍ਹਾਂ ਸ਼ਰਧਾਲੂਆਂ ਵਿਚ ਸ਼ਰਧਾ ਪੈਦਾ ਨਹੀਂ ਹੁੰਦੀ। ਇਨ੍ਹਾਂ ਕਿਰਿਆਵਾਂ ਨੂੰ ਅਸੀਂ ਕਰਮ-ਕਾਂਡ ਕਹਿੰਦੇ ਹਾਂ, ਇਹੀ ਕਿਰਿਆਵਾਂ ਜਦੋ ਅੱਗੇ ਚੱਲ ਕੇ ਵਿਸਤ੍ਰਿਤ ਸਵਰੂਪ ਧਾਰਣ ਕਰਦੀਆਂ ਹਨ ਤਾਂ ਇਨ੍ਹਾਂ ਵਿਚ ਹੌਲੀ-ਹੌਲੀ ਪਾਖੰਡ ਸ਼ਾਮਲ ਹੁੰਦਾ ਜਾਂਦਾ ਹੈ।

ਸਭ ਤੋਂ ਪਹਿਲਾਂ ਸਾਨੂੰ ਪਾਖੰਡ ਦੀ ਪਰਿਭਾਸ਼ਾ ਸਮਝਣ ਦੀ ਲੋੜ ਹੈ ਇਸ ਤੋਂ ਬਿਨ੍ਹਾਂ ਅਸੀਂ ਅਸਲੀਅਤ ਦਾ ਅਧਿਐਨ ਨਹੀ ਕਰ ਸਕਾਂਗੇ।

**ਪਰਿਭਾਸ਼ਾ** :- ਉਹ ਧਾਰਮਿਕ ਕਰਮ ਜਿਨ੍ਹਾਂ ਵਿਚ ਕੇਵਲ ਲੋਕ-ਦਿਖਾਵਾ ਹੋਵੇ, ਮਨ ਵਿਚ ਪ੍ਰੇਮ ਅਤੇ ਵਿਸ਼ਵਾਸ਼ ਦੀ ਕਮੀ ਹੋਵੇ, ਜਿਨ੍ਹਾਂ ਕਿਰਿਆਵਾਂ ਨਾਲ ਦੂਸਰਿਆਂ ਨੂੰ ਪ੍ਰਭਾਵਿਤ ਕਰਕੇ, ਧਨ ਪ੍ਰਾਪਤ ਕਰਨ ਦਾ ਉਦੇਸ਼ ਹੋਵੇ। ਜਿਸ ਵਿਚ ਆਪਣਾ ਮਨ ਸ਼ਰਧਾ ਨਾ ਰਖਦਾ ਹੋਵੇ ਤੇ ਵਿਆਕੁਲ ਰਹਿੰਦਾ ਹੋਵੇ, ਭਾਵ ਮਨ ਦੋ ਚਿਤਾ ਹੋਣ ਦੇ ਕਾਰਣ ਸਦਾ ਭਟਕਣਾਂ ਬਣੀ ਰਹੇ।ਅਜਿਹੇ ਸਾਰੇ ਧਾਰਮਿਕ ਕਰਮਾਂ ਨੂੰ ਪਾਖੰਡ ਕਹਿੰਦੇ ਹਨ।

ਹੁਣ ਅਸੀਂ ਉਨ੍ਹਾਂ ਧਾਰਮਿਕ ਕਰਮਾਂ ਦੀ ਸੂਚੀ ਤਿਆਰ ਕਰਾਂਗੇ ਜਿਹੜੇ ਕੇਵਲ ਫੋਕਟ ਕਰਮ ਹਨ। ਜਿਨ੍ਹਾਂ ਦਾ ਅਧਿਆਤਮਿਕ ਦੁਨੀਆਂ ਵਿਚ ਕੋਈ ਮਹੱਤਵ ਨਹੀਂ, ਸਿਰਫ ਲੋਕ-ਦਿਖਾਵਾ ਅਤੇ ਆਡੰਬਰ ਹੀ ਹਨ। ਜਿਨ੍ਹਾਂ ਦੇ ਕਰਨ ਨਾਲ ਪ੍ਰਾਪਤੀਆਂ ਬਿਲਕੁਲ ਨਹੀਂ ਹੁੰਦੀਆਂ, ਕਿਉਂਕਿ ਇਨ੍ਹਾਂ ਆਡੰਬਰਾਂ ਨੂੰ ਕਰਨ ਨਾਲ ਜੀਵਨ-ਸ਼ੈਲੀ ਵਿਚ ਕੋਈ ਉਨਤੀ ਨਹੀਂ ਹੁੰਦੀ ਅਰਥਾਤ ਅਸੀਂ ਚੰਗੇ ਮੱਨੁਖ ਵੀ ਨਹੀਂ ਬਣ ਸਕਦੇ, ਬਸ ਜਿਥੇ ਹਾਂ, ਉਥੇ ਹੀ ਰਹਿ ਜਾਂਦੇ ਹਾਂ। ਜੀਵਨ ਵਿਚ ਕੋਈ ਕ੍ਰਾਂਤੀ ਅਥਵਾ ਪ੍ਰੀਵਰਤਨ ਵਿਖਾਈ ਨਹੀ ਦੇਂਦਾ ਜਦਕਿ ਧਾਰਮਿਕ ਵਿਅਕਤੀ ਬਣਨ ਤੇ ਆਚਰਣ (ਚਰਿਤਰ) ਵਿਚ ਸ਼੍ਰੇਸ਼ਟਤਾ ਸੁਭਾਵਿਕ ਹੀ ਹੋਣੀ ਚਾਹੀਦੀ ਸੀ।

ਗੁਰਬਾਣੀ ਦੀ ਇਸ ਤੁੱਕ ਦੀ ਵਿਆਖਿਆ ਅਨੁਸਾਰ ਇਥੇ ਇੱਕ ਇਤਿਹਾਸਕ ਪ੍ਰਸੰਗ ਦੇਣਾ ਜ਼ਰੂਰੀ ਲਗਦਾ ਹੈ। ਸ੍ਰੀ ਗੁਰੂਗੋਬਿੰਦ ਸਿੰਘ ਜੀ ਸਮਰਾਟ ਬਹਾਦਰ ਸ਼ਾਹ ਨੂੰ ਤਖਤ ਦਿਵਾਉਣ ਤੋਂ ਬਾਅਦ ਉਸਦੇ ਨਾਲ ਆਗਰਾ ਪਹੁੰਚੇ ਤਾਂ ਉਸਨੇ ਗੁਰੂਜੀ ਦਾ ਸ਼ਾਨਦਾਰ ਸੁਆਗਤ ਕੀਤਾ ਜਿਹੜਾ ਕਿ ਉਥੇ ਹਾਜ਼ਰ ਮੁੱਲਾਂ-ਮੁਲਾਣਿਆ ਨੂੰ ਬਹੁਤ ਬੁਰਾ ਲਗਿਆ, ਉਨ੍ਹਾਂ ਨੇ ਗੱਲਾਂ-ਗੱਲਾਂ ਵਿਚ ਇਹ ਜੋਰ ਦੇ ਕੇ ਕਿਹਾ ਕਿ ਇਸਲਾਮ ਧਰਮ ਹੀ ਸਭ ਤੋਂ ਸ਼੍ਰੇਸ਼ਠ ਹੈ। ਬਹਾਦਰ ਸ਼ਾਹ ਨੇ ਉਨ੍ਹਾਂ ਦੇ ਕਥਨ ਦੀ ਪੁਸ਼ਟੀ ਕੀਤੀ ਤਦ ਗੁਰੂਜੀ ਨੇ ਭਾਈ ਗੁਰਦਾਸ ਜੀ ਦੀ ਉਹ ਰਚਨਾ ਦੁਹਰਾਈ, ਜਿਹੜੀ ਸ੍ਰੀ ਗੁਰੂਨਾਨਕ ਦੇਵ ਜੀ ਨੇ ਮੱਕੇ ਦੀ ਯਾਤਰਾ ਸਮੇਂ ਉਥੋਂ ਦੇ ਹਾਜ਼ੀਆਂ ਨੂੰ ਸਮਝਾਉਣ ਲਈ ਕਹੀ ਸੀ :-

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਨੋਈ ॥**

**ਬਾਬਾ ਆਖੇ ਹਾਜੀਆਂ ਸੁਭਿ ਅਮਲਾਂ ਬਾਝਹੁ ਦੋਨੋ ਰੋਈ ॥** (ਰਚਨਾ-ਭਾਈ ਗੁਰਦਾਸ ਜੀ)

ਪਰ ਇਸ ਉੱਤਰ ਨਾਲ ਉਹ ਲੋਕ ਸੰਤੁਸ਼ਟ ਨਹੀ ਹੋਏ। ਉਨ੍ਹਾਂ ਦਾ ਤਰਕ ਸੀ ਕਿ ਕੋਈ ਸਬੂਤ ਪੇਸ਼ ਕਰੋ, ਤਦ ਗੁਰੂਜੀ ਨੇ ਉਥੇ ਹਾਜ਼ਰ ਸਿੱਖਾਂ ਨੂੰ ਕਿਹਾ ਤੁਹਾਡੇ ਕੋਲ ਇੱਕ ਖੋਟਾ ਸਿੱਕਾ ਸੀ, ਉਹ ਲਿਆਓ। ਤਦ ਉਹ ਸਿੱਕਾ ਗੁਰੂਜੀ ਨੇ ਬਹਾਦਰ ਸ਼ਾਹ ਦੇ ਇੱਕ ਕਰਮਚਾਰੀ ਨੂੰ ਦਿੱਤਾ ਅਤੇ ਕਿਹਾ, ਇਸ ਸਿੱਕੇ ਤੋਂ ਬਾਜ਼ਾਰੋ ਕੁਝ ਖਾਣ ਦਾ ਸਾਮਾਨ (**ਮਿਠਾਈਆਂ**) ਆਦਿ ਖਰੀਦ ਲਿਆਓ। ਉਹ ਹੁਕਮ ਮੰਨ ਕੇ ਬਾਜ਼ਾਰ ਗਿਆ, ਪਰ ਖਾਲੀ ਹੱਥ ਵਾਪਸ ਆ ਗਿਆ ਅਤੇ ਕਹਿਣ ਲੱਗਾ, ਇਸ ਸਿੱਕੇ ਵਿਚ ਖੋਟ ਹੈ, ਇਸ ਨੂੰ ਕੋਈ ਨਹੀਂ ਲੈਂਦਾ। ਤਦ ਗੁਰੂਜੀ ਨੇ ਬਹਾਦੁਰ ਸ਼ਾਹ ਤੇ ਮੁਲਾਂ-ਮੁਲਾਣਿਆਂ ਨੂੰ ਸੰਬੋਧਨ ਕਰਕੇ ਕਿਹਾ, ਇਸ ਸਿੱਕੇ ਦਾ ਵਜ਼ਨ ਵੀ ਪੂਰਾ ਹੈ ਇਸ ਉਪਰ ਸਰਕਾਰੀ ਮੋਹਰ ਵੀ ਹੈ ਅਤੇ ਇਸ ਤੇ ਕਲਮਾ ਵੀ ਲਿਖਿਆ ਹੋਇਆ ਹੈ, ਫਿਰ ਵੀ ਇਹ ਬਾਜ਼ਾਰ ਵਿਚ ਕਿਉਂ ਨਹੀਂ ਚਲਿਆ? ਹੁਣ ਸਾਰਿਆਂ ਦਾ ਇੱਕ ਹੀ ਜੁਆਬ ਸੀ ਕਿ ਇਸ ਦੀ ਧਾਤ ਵਿਚ ਸ਼ੁਧਤਾ ਨਹੀਂ, ਇਸ ਵਿਚ ਮਿਲਾਵਟ ਹੈ। ਤਦ ਗੁਰੂਜੀ ਨੇ ਸਪਸ਼ਟ ਕੀਤਾ ਕਿ ਜਿਵੇਂ ਇਹ ਸਿੱਕਾ ਮਿਲਾਵਟ ਦੇ ਕਰਕੇ ਨਹੀਂ ਚਲਿਆ, ਜਦਕਿ ਵੇਖਣ ਵਿਚ ਇਹ ਅਸਲੀ ਸਿੱਕੇ ਵਰਗਾ ਹੀ ਹੈ, ਉਵੇਂ ਹੀ ਡੰਮੀ ਅਤੇ ਭੇਖੀ ਲੋਕ ਸੱਚੀ ਦਰਗਾਹ ਵਿਚ ਨਹੀਂ ਚਲਦੇ, ਉਥੇ ਉਨ੍ਹਾਂ ਦੀ ਛਾਂਟੀ ਕਰਕੇ ਬਾਹਰ ਸੁੱਟ ਦਿੱਤਾ ਜਾਂਦਾ ਹੈ। ਭਾਵੇਂ ਉਹ ਹਿੰਦੂ ਹੋਣ, ਭਾਵੇਂ ਮੁਸਲਮਾਨ।

ਰਣਨੀਤੀ ਦੇ ਅਨੁਸਾਰ ਅਕਸਰ ਸੈਨਾ ਦੁਸ਼ਮਣਾਂ ਨੂੰ ਭਰਮਾਉਣ ਲਈ ਆਪਣੇ ਭਾਰੀ ਐਕਯੂਪਮੈਂਟ (ਸਾਮਾਨ) ਨੂੰ ਕੈਮੋਫਲਾਈ ਕਰ ਦੇਂਦੇ ਹਨ ਅਰਥਾਤ ਭੂਮੀਗਤ ਕਰਕੇ ਛਿਪਾ ਦੇਂਦੇ ਹਨ ਅਤੇ ਉਸ ਦੀ ਥਾਂ ਤੇ ਨਕਲੀ (ਡੰਮੀ) ਟੈਂਕ ਤੇ ਤੋਪਾਂ ਆਦਿ ਦਾ ਪ੍ਰਦਰਸ਼ਕ ਕਰਦੇ ਹਨ ਤਾਂ ਕਿ ਦੁਸ਼ਮਣ ਦੀ ਸੈਨਾ ਉਨ੍ਹਾਂ ਨੂੰ ਵੇਖ ਕੇ ਗੁੰਮਰਾਹ ਹੋ ਜਾਵੇ ਅਤੇ ਸਹੀ ਫੈਸਲਾ ਨਾ ਲੈ ਕੇ ਆਪਣੀ ਤਾਕਤ ਨਸ਼ਟ ਕਰ ਲਵੇ। ਠੀਕ ਇਸੇ ਤਰ੍ਹਾਂ ਸਿਖਿਅਤ (ਟਰੇਂਡ) ਸੈਨਿਕਾਂ ਦੀ ਕਮੀ ਦੇ ਸ਼ਮੇ ਆਮ ਆਦਮੀਆਂ ਨੂੰ ਵਰਦੀ ਪੁਆ ਕੇ ਆਪਣੀ ਸੈਂਨਾ ਦੀ ਸੰਖਿਆ (ਸਟਰੈਂਥ) ਦਾ ਪ੍ਰਦਰਸ਼ਨ ਵੀ ਹੁੰਦਾ ਹੈ। ਜੇ ਸੱਚਮੁਚ ਯੁੱਧ ਸ਼ੁਰੂ ਹੋ ਜਾਵੇ ਤਾਂ ਕੇਵਲ ਸੈਨਾ ਦੀ ਵਰਦੀ ਧਾਰਨ ਕੀਤੇ ਹੋਏ ਅਸਿੱਖਿਅਤ ਮੱਨੁਖਾਂ ਦੇ ਨਾਲ ਕੀ ਵਾਪਰੇਗਾ? ਤੁਸੀ ਅੰਦਾਜ਼ਾ ਲਾ ਸਕਦੇ ਹੋ। ਕਹਿਣ ਦਾ ਭਾਵ-ਅਰਥ ਇਹ ਹੈ--------ਸਿਰਫ ਭੇਖ ਨਾਲ ਕੋਈ ਪ੍ਰਾਪਤੀ ਨਹੀਂ ਹੁੰਦੀ।

ਅਸਲੀਅਤ ਇਹ ਹੈ ਕਿ ਉਸ ਦੈਵੀ ਸ਼ਕਤੀ ਦੀ ਕੋਈ ਵਿਸ਼ੇਸ਼ ਭਾਸ਼ਾ ਨਹੀਂ ਹੈ, ਜਿਸ ਨੂੰ ਉਹ ਸਮਝੇ, ਉਹ ਤਾਂ ਸਿਰਫ ਪ੍ਰੇਮ ਤੇ ਸ਼ਰਧਾ ਨਾਲ ਉੱਤ-ਪੋਤ ਭਾਵਨਾਵਾਂ ਨੂੰ ਸਮਝਦਾ ਹੈ।

ਇਸ ਪ੍ਰਥਾਇ ਗੁਰੂਦੇਵ ਜੀ ਦਾ ਕਥਨ ਹੈ :-

**ਸਾਚੁ ਕਹੋ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥** (ਪਾਤਿਸਾਹੀ -10)

ਇਸ ਦਾ ਅਰਥ ਇਹ ਹੋਇਆ ਕਿ ਪ੍ਰੇਮ ਬੰਦਗੀ ਹੈ, ਜਿਹੜਾ ਵਿਅਕਤੀ ਸਮੂਹ ਮਾਨਵ ਸਮਜ ਅਥਵਾ ਜੀਵਾਂ ਨੂੰ ਬਰਾਬਰ ਸਮਝ ਕੇ ਸੇਵਾ-ਭਾਵ ਰਖਦਾ ਹੈ ਅਥਵਾ ਦੂਜਿਆਂ ਨਾਲ ਘ੍ਰਿਣਾ ਨਾ ਕਰਕੇ ਭਾਈਚਾਰਕ ਸਾਂਝ ਰਖਦਾ ਹੈ, ਜ਼ਰੂਰਤ-ਮੰਦਾ ਦੀ ਮਦਦ ਕਰਨ ਲਈ ਤਤਪਰ ਰਹਿੰਦਾ ਹੈ, ਉਹੀ ਸਫਲ ਜੀਵਨ ਜਿਉਂਦਾ ਹੈ। ਕਿਉਂਕਿ ਸਮਾਜ ਸੇਵਾ ਹੀ ਪ੍ਰਭੂ ਸੇਵਾ ਹੈ, ਇਹ ਕਾਰਜ ਗ੍ਰਹਿਸਥੀ ਹੀ ਕਰ ਸਕਦੇ ਹਨ, ਸੰਨਿਆਸੀ ਨਹੀਂ, ਅਸਲ ਵਿਚ ਤਾਂ ਸੰਨਿਆਸੀ ਦੇ ਜੀਵਨ ਨਿਰਬਾਹ ਦਾ ਭਾਰ ਵੀ ਗ੍ਰਹਿਸਥੀ ਹੀ ਚੁੱਕ ਰਹੇ ਹੁੰਦੇ ਹਨ, ਉਹ ਤਾਂ ਨਿਖਟੂ ਅਤੇ ਨਿਕੰਮੇ ਬਣ ਕੇ ਸਮਾਜ ਤੇ ਬੋਝ ਹੀ ਬਣੇ ਰਹਿੰਦੇ ਹਨ। ਸਚਾਈ ਤਾ ਇਹ ਹੈ ਕਿ ਕੁਦਰਤ ਨੇ ਗ੍ਰਹਿਸਥ ਆਸ਼ਰਮ ਨੂੰ ਹੀ ਸਵੀਕਾਰ ਕੀਤਾ ਹੈ ਕਿਉਂਕਿ ਗ੍ਰਹਿਸਥ ਦੇ ਨਿਯਮ ਹੀ ਸ੍ਰਿਸਟੀ ਦੀ ਉਤਪਤੀ ਹੈ। ਸੰਨਿਆਸੀ ਕੁਦਰਤ ਦੇ ਨਿਯਮਾਂ ਦੇ ਅੱਗੇ ਕਿਤੇ ਵੀ ਟਿੱਕ ਨਹੀਂ ਸਕਦੇ, ਇਸ ਲਈ ਇਹ ਲੋਕ ਕਦਮ-ਕਦਮ ਤੇ ਵਿਆਕੁਲ ਹੋ ਕੇ ਬੁਰੀ ਤਰ੍ਹਾਂ ਅਸਫਲ ਹੁੰਦੇ ਵੇਖੇ ਗਏ ਹਨ।

ਇਸ ਵਿਗਿਆਨਕ ਯੁੱਗ ਵਿਚ ਵਿਸ਼ੇਸ਼ ਕਰ ਕੇ ਪੜ੍ਹੇ-ਲਿਖੇ ਵਰਗ ਵਿਚ ਅੰਧ- ਵਿਸ਼ਵਾਸ ਲਈ ਕੋਈ ਥਾਂ ਨਹੀਂ ਹੋਣਾ ਚਾਹੀਦਾ ਸੀ। ਪਰ ਵਰਤਮਾਨ ਕਾਲ ਵਿਚ ਅਜਿਹਾ ਨਹੀਂ ਹੈ, ਕਿਉਂਕਿ ਅਖਬਾਰਾਂ, ਰੇਡੀਓ ਅਤੇ ਦੂਰ-ਦਰਸ਼ਨ ਆਦਿ ਤੋਂ ਬਹੁਤ ਸਾਰੇ ਪ੍ਰਗੋਰਾਮ ਅਜਿਹੇ ਵਿਖਾਏ ਜਾ ਰਹੇ ਹਨ, ਜਿਥੇ ਅੰਧ-ਵਿਸ਼ਵਾਸ਼ ਦਾ ਬੋਲ-ਬਾਲਾ ਰਹਿੰਦਾ ਹੈ। ਜਿਵੇਂ ਬਹੁਤੇ ਚੈਨਲਾਂ ਤੇ ਪੰਡਿਤ ਜੀ ਹੀ ਛਾਏ ਰਹਿੰਦੇ ਹਨ। ਉਹ ਜਨਤਾ ਨੂੰ ਗੁੰਮਰਾਹ ਕਰ ਰਹੇ ਹੁੰਦੇ ਹਨ ਕਿ ਫਲਾਣਾ-ਫਲਾਣਾ ਸਮਾਂ ਸ਼ੁਭ ਹੈ, ਅਥਵਾ ਫਲਾਣੀ-ਫਲਾਣੀ ਰਾਸ਼ੀ-ਫਲ ਵਾਲਿਆਂ ਦੀ ਅੱਜ ਦੀ ਰਾਸ਼ੀ ਅਨੁਸਾਰ ਕਿਸਮਤ-ਫਲ ਇਹ ਹੈ ਆਦਿ ਅਨੇਕਾ ਪ੍ਰਕਾਰ ਦੇ ਅੰਧ-ਵਿਸ਼ਵਾਸ਼ਾਂ ਦਾ ਜਾਲ ਫੈਲਾਇਆ ਜਾ ਰਿਹਾ ਹੁੰਦਾ ਹੈ, ਹੁਣ ਵਿਚਾਰਣ ਵਾਲਾ ਵਿਸ਼ਾ ਇਹ ਹੈ ਕਿ ਰਾਸ਼ੀ ਫਲ ਦੇ ਅਨੁਸਾਰ ਤਾਂ ਕੰਸ ਤੇ ਸ੍ਰੀ ਕ੍ਰਿਸ਼ਨ ਜੀ ਦੀ ਰਾਸ਼ੀ ਇੱਕ ਹੀ ਸੀ। ਇਸੇ ਤਰ੍ਹਾਂ ਹੀ ਰਾਵਨ ਅਤੇ ਰਾਮ ਦੀ ਰਾਸ਼ੀ ਵੀ ਇੱਕ ਹੀ ਸੀ ਪਰ ਇਨ੍ਹਾਂ ਨੂੰ ਇੱਕ ਹੀ ਸਮੇਂ ਤੇ ਉਲਟ ਫਲ ਕਿਉਂ ਪ੍ਰਾਪਤ ਹੋ ਰਹੇ ਸਨ? ਜਦਕਿ ਸਾਰੇ ਜਾਣਦੇ ਹਨ ਕਿ ਕਿਸੇ ਵੀ ਸਮੇਂ ਕੁਝ ਲੋਕਾਂ ਦੇ ਤਾਂ ਸ਼ੁਭ ਕੰਮ ਹੋ ਰਹੇ ਹੁੰਦੇ ਹਨ ਅਤੇ ਕੁਝ ਦੂਜਿਆਂ ਦੇ ਮਾਤਮ ਛਾਇਆ ਹੋਇਆ ਹੁੰਦਾ ਹੈ। ਇਸ ਲਈ ਇਥੇ ਇੱਕ ਘਟਨਾ ਦਾ ਵਰਨਣ ਕਰਨਾ ਜ਼ਰੂਰੀ ਹੈ। ਇੱਕ ਵਿਅਕਤੀ ਸ਼ੁਭ-ਅਸ਼ੁਭ ਦੇ ਚੱਕਰ ਵਿਚ ਆਪਣੀ ਬੇਟੀ ਦੇ ਰਿਸ਼ਤੇ ਦਾ ਸ਼ੁੱਭ ਮਹੂਰਤ (ਸਾਹਾ) ਕਢਵਾਉਣ ਲਈ ਇੱਕ ਪ੍ਰਸਿੱਧ ਜੋਤਸ਼ੀ (ਜੋਤਿਸ਼ ਵਿਦਿਆ ਦੇ ਵਿਦਵਾਨ) ਕੇ ਕੋਲ ਪਹੁੰਚੇ। ਇਤਫਾਕ ਨਾਲ ਉਸ ਸਮੇਂ ਪੰਡਿਤ ਜੀ ਘਰ ਨਹੀਂ ਸਨ। ਘਰ ਦਾ ਦਰਵਾਜ਼ਾ ਉਨ੍ਹਾਂ ਦੀ ਬੇਟੀ ਨੇ ਖੋਲ੍ਹਿਆ ਜਿਹੜੀ ਚਿੱਟੇ ਕਪੜਿਆਂ ਵਿਚ ਸੀ। ਉਸਨੇ ਕਿਸੇ ਪ੍ਰਕਾਰ ਦਾ ਸੁਹਾਗਣਾਂ ਵਾਲਾ ਕੋਈ ਸ਼ਿੰਗਾਰ ਵੀ ਨਹੀਂ ਕੀਤਾ ਹੋਇਆ

ਸੀ। ਇਹ ਵੇਖ ਕੇ ਉਸ ਵਿਅਕਤੀ ਨੇ ਜਗਿਆਸਾ ਕਰਕੇ ਪ੍ਰਸ਼ਨ ਕੀਤਾ, 'ਬੇਟੀ ਤੇਰਾ ਪੰਡੀਤ ਜੀ ਨਾਲ ਕੀ ਰਿਸ਼ਤਾ ਹੈ?' ਤਦ ਉਸ ਔਰਤ ਨੇ ਦਸਿਆ ਕਿ ਉਹ ਪੰਡਿਤ ਜੀ ਦੀ ਵਿਧਵਾ ਬੇਟੀ ਹੈ ਉਸ ਦੇ ਪਤੀ ਦੀ ਇੱਕ ਦੁਰਘਟਨਾ ਵਿਚ ਮੌਤ ਹੋ ਗਈ ਹੈ। ਇਹ ਸਾਰੀ ਗੱਲ ਸੁਣ ਕੇ ਉਸ ਵਿਅਕਤੀ ਦਾ ਮੱਥਾ ਠਣਕਿਆ, ਉਹ ਵਿਚਾਰ ਕਰਨ ਲੱਗਾ ਕਿ ਜੇਕਰ ਪੰਡਿਤ ਜੀ ਆਪਣੀ ਪੁੱਤਰੀ ਦੇ 'ਸਾਹਾ' ਦੀ ਕੋਈ ਗਰੰਟੀ ਨ ਦੇ ਸਕੇ ਤਾਂ ਉਹ ਮੇਰੀ ਬੇਟੀ ਦਾ ਕੀ 'ਸਾਹਾ' ਕੱਢਣਗੇ?

ਤਦ ਉਸਨੇ 'ਸਾਹੇ' ਆਦਿ ਦਾ ਚੱਕਰਵਿਊ ਤਿਆਗ ਦਿੱਤਾ ਤੇ ਵਿਚਾਰ ਕਰਨ ਲੱਗਾ ਕਿ ਸਾਡੇ ਦੇਸ਼ ਤੋਂ ਇਲਾਵਾ ਦੁਨੀਆਂ ਦੇ ਅਨੇਕ ਦੇਸ਼ ਹਨ, ਅਨੇਕ ਧਰਮ ਹਨ, ਜਿਹੜੇ 'ਸਾਹੇ' ਆਦਿ ਵਿਆਹ ਦੇ ਸ਼ੁਭ-ਮਹੂਰਤ ਨੂੰ ਜਾਣਦੇ ਤੱਕ ਨਹੀਂ, ਉਹ ਲੋਕ ਵੀ ਤਾਂ ਆਪਣੇ ਬੱਚਿਆਂ ਦੇ ਵਿਆਹ ਕਰਦੇ ਹੀ ਹਨ, ਫਿਰ ਅਸੀ ਲੋਕ ਕਿਉਂ ਇਨ੍ਹਾਂ ਕਰਮ-ਕਾਂਡਾਂ ਵਿਚ ਆਪਣਾ ਧਨ ਅਤੇ ਸਮਾਂ ਨਸ਼ਟ ਕਰਦੇ ਹਾਂ? ਇਸੇ ਪ੍ਰਸੰਗ ਵਿਚ ਗੁਰਬਾਣੀ ਦਾ ਕਥਨ ਹੈ :-

**ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥**

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥** (ਅੰਗ-5)

ਹੁਣ ਗੱਲ ਕਰਦੇ ਹਾਂ ਜੋਤਿਸ਼ ਵਿਦਿਆ ਦੀ ਜੇ ਇਹ ਲੋਕ ਭਵਿੱਖ ਦਾ ਪਤਾ ਲਾਉਣ ਵਿਚ ਸੱਮਰਥ ਹੁੰਦੇ ਤਾਂ ਭੂਚਾਲ, ਸੁਨਾਮੀ ਆਦਿ ਦੇ ਆਉਣ ਤੋਂ ਪਹਿਲਾਂ ਚਿਤਾਵਨੀ ਦੇ ਸਕਦੇ ਸਨ। ਚਲੋ ਮੰਨਿਆ, ਉਸ ਵਿਚ ਪ੍ਰਭੂ ਦੀ ਲੀਲਾ ਛਿਪੀ ਹੋਈ ਹੈ ਪਰ ਭਾਰਤ ਵਿਚ ਹੋਈ ਨੋਟ-ਬੰਦੀ ਦੀ ਭਵਿੱਖ-ਬਾਣੀ ਤਾਂ ਕਰ ਸਕਦੇ ਸਨ ਪਰ ਇਨ੍ਹਾਂ ਹਜ਼ਾਰਾਂ ਕਹਿੰਦੇ-ਕਹਾਉਂਦੇ ਜੋਤਿਸ਼ ਦੇ ਗਿਆਨਵਾਨਾਂ ਵਿਚ ਕਿਸੇ ਇੱਕ ਨੇ ਵੀ ਕੋਈ ਸੰਕੇਤ ਤੱਕ ਵੀ ਨਹੀਂ ਦਿੱਤਾ। ਇਸ ਦਾ ਸਿੱਧਾ ਅਰਥ ਇਹ ਹੋਇਆ ਕਿ ਇਹ ਲੋਕ ਸਿਰਫ਼ ਪਾਖੰਡੀ ਹੀ ਹਨ, ਇਨ੍ਹਾਂ ਦੀ ਵਿਦਿਆ ਕੇਵਲ ਪਾਖੰਡ ਹੈ।

ਇਸ ਤਰ੍ਹਾਂ ਦੇ ਅਨੇਕਾਂ ਪਾਖੰਡ ਜਿਨ੍ਹਾਂ ਦੀ ਗਿਣਤੀ ਕਰਨੀ ਬਹੁਤ ਮੁਸ਼ਕਿਲ ਹੈ। ਫਿਰ ਵੀ ਅਸੀ ਇਥੇ ਕੁਝ ਪ੍ਰਮੁੱਖ ਕਰਮ-ਕਾਂਡਾਂ ਅਤੇ ਪਾਖੰਡਾਂ ਦਾ ਵਰਣਨ ਕਰਨਾ ਜ਼ਰੂਰੀ ਸਮਝਦੇ ਹਾਂ ਜਿਵੇਂ ਸਰਾਧ, ਵਰਤ, ਤੀਰਥ-ਇਸ਼ਨਾਨ, ਮੂਰਤੀ-ਪੂਜਾ ਹਵਨ ਆਦਿ।

**ਸਰਾਧ :-** ਸਰਾਧ ਦਾ ਅਰਥ ਹੈ ਆਪਣੇ ਪੂਰਵਜ਼ਾਂ ਦੇ ਲਈ ਭੋਜਨ ਦਾ ਪ੍ਰਬੰਧ ਕਰਨਾ। ਕਲਪਨਾ ਕਰੋ, ਸਾਡੇ ਪੂਰਵਜ਼ ਤਾਂ ਅਣਗਿਣਤ ਹੋਣਗੇ, ਜਿਨ੍ਹਾਂ ਦੀ ਗਿਣਤੀ ਕਰਨੀ ਅਸੰਭਵ ਹੈ, ਕੀ ਉਨ੍ਹਾਂ ਦੀਆਂ ਆਤਮਾਵਾਂ ਭਟਕ ਰਹੀਆਂ ਹਨ? ਕੀ ਉਹ ਸਾਰੀਆਂ ਭੁੱਖੀਆਂ ਹਨ, ਜਦਕਿ ਜੀਵ-ਆਤਮਾ ਦਾ ਸਰੀਰ ਨਾ ਹੋਣ ਕਰਕੇ ਉਹ ਸਰੀਰਕ ਕਿਰਿਆਵਾਂ ਤੋ ਮੁਕਤ ਹੁੰਦੀਆਂ ਹਨ, ਕੁਦਰਤ ਦਾ ਸਿਧਾਂਤ ਹੈ, ਜਦੋਂ ਪ੍ਰਾਣੀ ਸਰੀਰ ਤਿਆਗ ਦਾ ਹੈ ਤਾਂ ਉਹ

ਆਪਣੇ ਕਰਮਾਂ ਦੇ ਅਨੁਸਾਰ ਦੂਜਾ ਸਰੀਰ ਧਾਰਨ ਕਰਦਾ ਹੈ ਅਥਵਾ ਮੁਕਤੀ ਪ੍ਰਾਪਤ ਕਰਕੇ ਪ੍ਰਭੂ ਚਰਨਾਂ ਵਿਚ ਸਮਾ ਜਾਂਦਾ ਹੈ। ਅਜਿਹਾ ਜਾਣਦੇ ਹੋਏ ਅਸੀਂ ਬਿਨ੍ਹਾਂ ਵਿਚਾਰ ਕੀਤੇ ਆਡੰਬਰ ਰਚ ਕੇ ਆਪਣੇ ਆਪ ਨੂੰ ਖ਼ੁਦ ਹੀ ਧੋਖਾ ਦੇ ਰਹੇ ਹਾਂ?

**ਵਰਤ** :- ਵਰਤ ਦਾ ਅਰਥ ਹੈ, ਤਿਆਗ ਪਰ ਇਸ ਸ਼ਬਦ ਨੂੰ ਅਨਾਜ ਅਥਵਾ ਭੋਜਨ ਦੇ ਤਿਆਗੁ ਨਾਲ ਜੋੜਦੇ ਹਾਂ। ਮੰਨ ਲੈਂਦੇ ਹਾਂ ਕਦੇ-ਕਦਾਈਂ ਭੋਜਨ ਤਿਆਗਣ ਨਾਲ ਪਾਚਣ ਤੰਤਰ ਵਿਚ ਸੁਧਾਰ ਦੀ ਸੰਭਾਵਨਾ ਹੁੰਦੀ ਹੈ ਪਰ ਇਸ ਕਿਰਿਆ ਨਾਲ ਕਿਸੇ ਅਧਿਆਤਮਿਕ ਪ੍ਰਾਪਤੀਆਂ ਦੀ ਕਾਮਨਾ ਕਰਨਾ ਤਾਂ ਵਿਅਰਥ ਦਾ ਅੰਧ-ਵਿਸ਼ਵਾਸ ਹੀ ਹੈ। ਇਸ ਪ੍ਰਥਾਏ ਗੁਰੂਜੀ ਦਾ ਕਥਨ ਹੈ :-

**ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥**

**ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥** (ਮਹਿਲਾ 1 ਅੰਗ 9●5)

ਯਥਾ

**ਅੰਨੈ ਬਿਨਾ ਨ ਹੋਇ ਸੁਕਾਲ ॥**

**ਤਜਿਐ ਅੰਨਿ ਨ ਮਿਲੈ ਗੁਪਾਲ ॥** ਕਬੀਰ ਜੀ, ਅੰਗ-873

**ਤੀਰਥ-ਇਸ਼ਨਾਨ** :- ਸਨਾਤਮ ਧਰਮ ਦਾ ਵਿਚਾਰ ਹੈ ਕਿ 'ਚਾਰ ਧਾਮਾ' ਦੀ ਯਾਤਰਾ ਸੰਪੂਰਨ ਕਰਨ ਤੇ ਮੁਕਤੀ ਪ੍ਰਾਪਤ ਹੁੰਦੀ ਹੈ। ਹੁਣ ਵਿਚਾਰ ਕਰਨ ਦਾ ਵਿਸ਼ਾ ਹੈ ਕਿ ਇਹ ਕਿਰਿਆ ਤਾਂ ਬਹੁਤ ਅਮੀਰ ਲੋਕ ਅਤੇ ਫਕੀਰ-ਸੰਨਿਆਸੀ ਹੀ ਕਰ ਸਕਦੇ ਹਨ, ਜਦਕਿ ਮੁਕਤੀ ਪ੍ਰਾਪਤ ਕਰਨੀ ਸਮੂਹ ਜਨਤਾ (ਗ੍ਰਹਿਸਥੀਆਂ) ਦਾ ਅਧਿਕਾਰ ਵੀ ਹੈ। ਕੀ ਉਹ ਲੋਕ ਅਧਿਆਤਮਿਕ ਪ੍ਰਾਪਤੀਆਂ ਤੋਂ ਬਿਨ੍ਹਾਂ (ਵੰਚਿਤ) ਹੀ ਰਹਿ ਜਾਣਗੇ? ਬਿਲਕੁਲ ਨਹੀਂ, ਤਾਂ ਫਿਰ ਇਸ ਪ੍ਰਥਾਇ ਗੁਰੂ ਦੇਵ ਜੀ ਦੀ ਵਿਚਾਰਧਾਰਾ ਕੀ ਹੈ :-

ਉਹ ਦੈਵੀ ਜੋਤਿ ਅਥਵਾ ਸਚਿਦਾਨੰਦ ਸਰਬ-ਵਿਆਪਕ ਹੈ। ਉਸ ਨੂੰ ਖੋਜਣ ਲਈ ਕਿਤੇ ਵੀ ਜਾਣ ਦੀ ਲੋੜ ਨਹੀਂ।

ਤੀਰਥਾਂ ਤੇ ਜਿੰਦਗੀ ਵਿਚ ਇੱਕ ਵਾਰ ਜਾਣਾ ਤਾਂ ਠੀਕ ਲੱਗਦਾ ਹੈ ਪਰ ਵਾਰ-ਵਾਰ ਉਥੇ ਜਾਣਾ ਕੇਵਲ ਕਰਮ -ਕਾਂਡ ਹੀ ਹੈ, ਜਿਸ ਨਾਲ ਧਨ ਅਤੇ ਸਮਾਂ ਨਸ਼ਟ ਹੁੰਦਾ ਹੈ।

**ਨਾਵਨ ਕੋ ਤੀਰਥ ਘਨੇ, ਮਨ ਬਉਰਾ ਰੇ, ਪੂਜਨ ਕਉ ਬਹੁ ਦੇਵ ॥**

**ਕਹੁ ਕਬੀਰ ਛੂਟਨੁ ਨਹੀਂ, ਮਨ ਬਉਰਾ ਰੇ !ਛੂਟਨੁ ਹਰਿ ਕੀ ਸੇਵ ॥**

ਗਉੜੀ ਭਗਤ ਕਬੀਰ ਜੀ, (ਅੰਗ-336)

ਯਥਾ

**ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥**

**ਜੈਸੇ ਮੇਂਡੁ ਤੈਸੇ ਓਇ ਨਰ ਫਿਰਿ - ਫਿਰਿ ਜੋਨੀ ਆਵਹਿ ॥** (ਕਬੀਰ-ਅੰਗ, 484)

ਯਥਾ

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**

**ਤੀਰਥੁ ਸ਼ਬਦ ਬੀਚਾਰੁ ਅੰਤਰਿ ਗਿਆਨੁ ਹੈ ॥** (ਅੰਗ - 687)

**ਮੂਰਤੀ-ਪੂਜਾ** :- ਬਚਪਨ ਵਿਚ ਮਾਤਾ-ਪਿਤਾ ਦੁਆਰਾ ਈਸ਼ਵਰ ਦੀ ਸ਼ਕਤੀ ਦਾ ਬੋਧ ਕਰਵਾਉਣ ਦੇ ਲਈ ਮੂਰਤੀਆਂ ਆਦਿ ਵਸਤੂਆਂ ਦੀ ਸਹਾਇਤਾ ਲੈਣਾ ਸਮਝ ਵਿਚ ਆਉਂਦਾ ਹੈ ਪਰ ਨੌਜੁਆਨ ਹੋਣ ਤੇ ਗਿਆਨਵਾਨ ਹੋ ਜਾਣ ਤੇ ਉਸ ਦਕੀਆ-ਨੂਸੀ ਵਿਚਾਰਧਾਰਾ ਦੇ ਨਾਲ ਆਸਥਾ ਬਣਾਈ ਰਖਣਾ ਅਸੰਭਵ ਹੋ ਜਾਂਦਾ ਹੈ, ਮਨ ਬਾਗੀ ਹੋ ਕੇ ਨਾਸਤਿਕ ਹੋਣ ਲੱਗਦਾ ਹੈ। ਜਦਕਿ ਦੈਵੀ ਸ਼ਕਤੀ ਨਿਰਾਕਾਰ ਹੈ।

**ਇਸ ਪ੍ਰਥਾਏ ਗੁਰੂ ਵਾਕ ਹੈ :-**

**ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥**

**ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥** ਭੈਰਉ-ਮਹਲਾ 5, (ਅੰਗ-116●)

ਯਥਾ

**ਘਰ ਮਹਿ ਠਾਕੁਰ ਨਦਰਿ ਨ ਆਵੈ ॥ ਗਲ ਮਹਿ ਪਾਹਣੁ ਲੈ ਲਟਕਾਵੈ ॥**

**ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ-ਖਪਿ ਮਰਤਾ ॥**

ਸੂਹੀ ਮਹਲਾ - 5, (ਅੰਗ-739)

**ਹਵਨ** :- ਅਗਨੀ ਪੂਜਾ ਦਾ ਇਸ ਵਿਗਿਆਨਕ ਯੁੱਗ ਵਿਚ ਕੋਈ ਮਹੱਤਵ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਕਹਿੰਦੇ ਹਨ ਕਿ ਇਸ ਕਿਰਿਆ ਨਾਲ ਵਾਤਾਵਰਣ ਸ਼ੁੱਧ ਹੁੰਦਾ ਹੈ ਪਰ ਇਸ ਦਾ ਕੋਈ ਸਬੂਤ ਨਹੀਂ ਹੈ। ਹਾਂ, ਅੱਜ ਦੇ ਸੰਦਰਭ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਹ ਕਿਰਿਆ ਵਾਤਾਵਰਣ ਵਿਚ ਪ੍ਰਦੂਸ਼ਣ ਫੈਲਾਉਂਦੀ ਹੈ ਅਤੇ ਲੱਖਾਂ ਰੁਪਇਆ ਦਾ ਦੇਸੀ ਘਿਓ, ਅਨਾਜ ਅਤੇ ਹਵਨ ਸਮੱਗਰੀ ਸੜ ਕੇ ਨਸ਼ਟ ਹੁੰਦੀ ਹੈ। ਇਸ ਦਾ ਮੂਲ ਕਾਰਣ ਅੰਧ-ਵਿਸ਼ਵਾਸ ਹੀ ਹੈ, ਜਿਸ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

ਮੂਰਤੀ ਪੂਜਾ ਵਰਗੀ ਕਿਰਿਆ ਅਸੀ ਵੀ ਕਰਦੇ ਹਾਂ ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਮੱਥਾ ਝੁੱਕਾ ਕੇ ਆਪਣੇ ਆਪ ਨੂੰ ਧਨ ਮੰਨ ਲੈਣਾ, ਗੁਰੂਗ੍ਰੰਥ ਸਾਹਿਬ ਵਿਚ ਸਾਡੇ ਲਈ ਕੀ ਸੰਦੇਸ਼ ਹੈ? ਉਸਦਾ ਅਧਿਐਨ ਨਾ ਕਰਨਾ। ਇਹ ਕਿਰਿਆ ਅਜਿਹੀ ਹੀ ਹੈ ਜਿਵੇਂ ਕੋਈ ਵਿਦਿਆਰਥੀ ਆਪਣਾ ਬਸਤਾ ਅਤੇ ਕਿਤਾਬਾਂ ਨੂੰ ਸਿਰ ਝੁਕਾ-ਝੁਕਾ ਕੇ ਸਨਮਾਨ ਦੇਂਦਾ ਰਹੇ ਪਰ ਕਿਤਾਬਾ ਦਾ ਅਧਿਐਨ ਨਾ ਕਰੇ, ਹੁਣ ਦੱਸੋ ਕੀ ਉਹ ਵਿਦਿਆਰਥੀ ਆਪਣੀ ਪ੍ਰੀਖਿਆ ਵਿਚ ਸਫਲ ਹੋ ਸਕਦਾ ਹੈ? ਕਦੇ ਵੀ ਨਹੀਂ। ਇਹ ਗੱਲ ਇਥੇ ਹੀ ਖਤਮ ਨਹੀ ਹੁੰਦੀ, ਕਈ ਸ਼ਰਧਾਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਹੋ ਕੇ ਮੱਥਾ ਟੇਕ (ਸੀਸ ਝੁਕਾ ਕੇ) ਕੇ ਪਿਛੇ ਚਲੇ ਜਾਂਦੇ ਹਨ ਅਤੇ ਉਥੇ ਫਿਰ ਤੋਂ ਸੀਸ ਝੁਕਾ ਕੇ ਪ੍ਰਣਾਮ ਕਰਦੇ ਹਨ। ਹੁਣ ਵਿਚਾਰਨ ਦਾ ਵਿਸ਼ਾ ਇਹ ਹੈ ਕਿ ਜਦੋਂ ਅਸੀਂ 'ਗ੍ਰੰਥ ਸਾਹਿਬ' ਨੂੰ ਪ੍ਰਤੱਖ ਗੁਰੂ ਦੀ ਦੇਹ (ਸਰੀਰ) ਮੰਨ ਦੇ ਸਾਹਮਣੇ ਹੋ ਕੇ ਪ੍ਰਣਾਮ ਕੀਤਾ ਸੀ ਤਾਂ ਫਿਰ ਗੁਰੂਦੇਵ ਦੇ ਪਿਛੇ ਜਾ ਕੇ ਨਮਸਕਾਰ ਕਰਨ ਦੀ ਕੀ ਲੋੜ ਹੈ? ਕੀ ਅਸੀਂ ਆਪਸ ਵਿਚ ਫਤਹਿ ਅਥਵਾ 'ਸਤਿ ਸ੍ਰੀ ਅਕਾਲ' ਬੁਲਾ ਕੇ ਦੁਬਾਰਾ ਉਸ ਵਿਅਕਤੀ ਦੇ ਪਿਛੇ ਜਾ ਕੇ ਅਜਿਹਾ ਹੀ ਕਰਦੇ ਹਾਂ? ਜੇ ਕੋਈ ਵਿਅਕਤੀ ਅਜਿਹੀ ਗਲਤੀ ਕਰੇ ਤਾਂ ਉਸ ਨੂੰ ਅਸੀਂ ਕੀ ਕਹਾਂਗੇ? ਵਿਚਾਰ ਕਰੋ? ਖੈਰ ਗੱਲ ਇਥੇ ਤੱਕ ਹੀ ਸੀਮਤ ਨਹੀਂ, ਫਿਰ ਓਹ ਵਿਅਕਤੀ ਆਪਣੇ ਕੀਤੇ ਗਏ ਕਰਮ-ਕਾਂਡਾਂ ਤੇ ਸੰਤੁਸ਼ਟ ਨਾ ਹੋ ਕੇ ਅੱਗੇ ਵੱਧਦਾ ਹੋਇਆ ਉਸ ਸਥਾਨ ਤੇ ਪਹੁੰਚਦਾ ਹੈ ਜਿਥੇ ਗੁਰੂ ਸਾਹਿਬ ਦਾ ਸੁੱਖ-ਆਸਣ ਸਥਾਨ ਅਥਵਾ ਸੱਚਖੰਡ ਹੈ, ਉਥੇ ਫਿਰ ਅੰਦਰ ਜਾ ਕੇ ਦੁਬਾਰਾ ਉਹੀ ਕਿਰਿਆ ਦੁਹਰਾਉਂਦਾ ਹੈ। ਇਹ ਸਭ ਕੀ ਹੈ, ਵਿਚਾਰ ਕਰੋ? ਜੇ ਕੋਈ ਮਹਾਨ ਵਿਅਕਤਿਤਵ (ਸ਼ਖਸ਼ੀਅਤ) ਦਾ ਮਾਲਿਕ ਆਰਾਮ-ਅਵਸਥਾ ਵਿਚ ਹੈ ਤਾਂ ਕੀ ਅਸੀਂ ਉਨ੍ਹਾਂ ਦੇ ਆਰਾਮ ਦੀ ਅਵਸਥਾ ਵਿਚ ਵਿਘਨ ਪਾਉਣ ਦੀ ਗੁਸਤਾਖੀ ਕਰ ਸਕਦੇ ਹਾਂ? ਕਰਮ-ਕਾਂਡਾਂ ਤੋਂ ਮੁਕਤੀ ਦਿਵਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੰਦੋਲਨ ਚਲਾਹਿਆ ਸੀ ਪਰ ਇਹ ਅਭਿਆਨ ਅੱਜ ਤੱਕ ਸੰਪੂਰਨ ਇਸ ਲਈ ਨਾ ਹੋ ਸਕਿਆ ਕਿਉਂਕਿ ਅਸੀਂ ਆਪ ਹੀ ਗੁਰਬਾਣੀ ਦੇ ਉਪਦੇਸ਼ਾਂ ਦਾ ਅਧਿਐਨ ਕਰਨ ਦੀ ਥਾਂ ਅੰਧ-ਵਿਸ਼ਵਾਸ਼ਾਂ ਰਾਹੀਂ ਪ੍ਰਾਪਤੀਆਂ ਕਰਨੀਆਂ ਚਾਹੁੰਦੇ ਹਾਂ। ਜਿਵੇਂ ਹਰ ਘਰੇਲੂ ਸਮਸਿਆ ਵੇਲੇ ਅਸੀਂ ਲੋਕ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਲਈ ਬਹੁਤ ਕੀਮਤੀ ਵਸਤਰ (ਰੁਮਾਲੇ) ਭੇਂਟ ਕਰਦੇ ਰਹਿੰਦੇ ਹਾਂ, ਇਹ ਜਾਣਨ ਤੋਂ ਬਿਨ੍ਹਾਂ ਹੀ ਕਿ ਉਥੇ ਇਨ੍ਹਾਂ ਦੀ ਲੋੜ ਹੈ ਵੀ ਨਹੀਂ? ਇਕ ਦਿਨ ਮੈਂ ਨਾਡਾ ਸਾਹਿਬ ਗੁਰਦੁਆਰੇ ਗਿਆ ਹੋਇਆ ਸੀ ਉਥੇ ਲੰਗਰ ਹਾਲ ਦੇ ਨੇੜੇ ਇੱਕ ਬਹੁਤ ਵਿਸ਼ਾਲ (ਵੱਡਾ) ਟਰੱਕ ਵੇਖਿਆ, ਜਿਸ ਵਿਚ ਲੰਗਰ ਹਾਲ ਦੀ ਉਪਰਲੀ ਮੰਜਿਲ ਤੋਂ ਰੁਮਾਲਿਆਂ ਦੀਆਂ ਪੰਡਾਂ ਸੁੱਟੀਆ ਜਾ ਰਹੀਆਂ ਸਨ। ਇਹ ਕੰਮ ਲਗਭਗ ਇੱਕ ਘੰਟਾ ਚਲਦਾ ਰਿਹਾ, ਇਸ ਤਰ੍ਹਾਂ ਉਹ ਟ੍ਰੱਕ ਹਜ਼ਾਰਾ ਪੰਡਾਂ ਨਾਲ ਲਦਿਆ ਗਿਆ ਜੋ ਓਵਰ-ਲੋਡ ਸੀ, ਜਿਸ ਦੀ ਕੀਮਤ ਕਈ ਕਰੋੜਾਂ ਰੁਪਈਏ ਹੋਵੇਗੀ। ਟਰੱਕ ਉਥੋਂ ਰਵਾਨਾ ਹੋ ਗਿਆ। ਹੁਣ ਵਿਚਾਰ ਕਰਨ ਦਾ ਵਿਸ਼ਾ ਇਹ ਹੈ ਕਿ ਅੰਨ੍ਹੀ ਸ਼ਰਧਾ ਕਿਸ ਕੰਮ ਆਈ?

ਇਸਲਾਮ ਦੇ ਪ੍ਰਮੁੱਖ ਸਿਧਾਂਤ ਸਿੱਖ ਧਰਮ ਨਾਲ ਲਗਭਗ ਮਿਲਦੇ ਜੁਲਦੇ ਹਨ ਜਿਵੇਂ ਉਥੇ ਵੀ ਦੈਵੀ ਜੋਤਿ ਅਰਥਾਤ ਅੱਲਾ ਸਿਰਫ ਇੱਕ ਹੀ ਹੈ, ਉਹ ਸਰਬ-ਸ਼ਕਤੀਮਾਨ ਹੈ ਆਦਿ ਪਰ ਉਨ੍ਹਾਂ ਵਿਚ ਬਹੁਤ ਸਾਰੇ ਲੋਕ ਭਟਕ ਕੇ ਪੀਰਾਂ ਦੀਆਂ ਕਬਰਾਂ ਦੀ ਪੂਜਾ ਕਰਦੇ ਵੇਖ ਜਾਂਦੇ ਹਨ ਅਤੇ ਉਹ ਪੀਰਾਂ ਦੀਆਂ ਮਜ਼ਾਰਾਂ ਤੇ ਚਾਦਰਾਂ ਚੜ੍ਹਾਉਂਦੇ ਵੇਖੇ ਜਾਂਦੇ ਹਨ। ਜਦਕਿ ਸ਼ਰਹਾ (ਮਰਿਆਦਾ) ਦੀ ਦ੍ਰਿਸ਼ਟੀ ਤੋਂ ਇਹ ਕੰਮ ਇਸਲਾਮ ਦੇ ਮੂਲ ਸਿਧਾਂਤ ਦੇ ਸਖਤ ਵਿਰੁੱਧ ਹੈ। ਵਿਚਾਰ ਕਰਨ ਯੋਗ ਵਿਸ਼ਾ ਇਹ ਹੈ ਕਿ ਇਸਲਾਮ ਵਿਚ ਅੱਲਾ ਤੋਂ ਇਲਾਵਾ ਕਿਤੇ ਵੀ ਝੁਕਣਾਂ ਸਖਤ ਮਨਾ ਹੈ। ਉੱਜ ਵੀ ਮੌਤ ਦੇ ਬਾਅਦ ਜੀਵ-ਆਤਮਾ ਨਵਾਂ ਸਰੀਰ ਯਾਰਨ ਕਰਦੀ ਹੈ ਅਥਵਾ ਪ੍ਰਭੂ ਚਰਨਾਂ ਵਿਚ ਸਮਾਂ ਜਾਂਦੀ ਹੈ। ਮੰਨ ਲਿਆ ਕੋਂਈ ਜੀਵ-ਆਤਮਾ ਭਟਕ ਰਹੀ ਹੈ ਉਹ ਆਪਣੇ ਮ੍ਰਿਤਕ ਸਰੀਰ (ਲਾਸ਼) ਦੇ ਨਾਲ ਰਹਿੰਦੀ ਹੈ ਤਾਂ ਪਵਿੱਤਰ ਆਤਮਾ ਕਿਵੇਂ ਹੋ ਗਈ, ਜਿਸ ਨੂੰ ਪੂਜਿਆ ਜਾਵੇ। ਮੌਤ ਤੋਂ ਪਹਿਲਾਂ ਉਹ ਵਿਅਕਤੀ ਖੁਦ ਆਪਣੀ ਸਰੀਰਕ ਕਿਰਿਆ ਵੀ ਠੀਕ ਤਰੀਕੇ ਨਾਲ ਨਹੀਂ ਕਰ ਸਕਦਾ ਸੀ ਅਰਥਾਤ ਦੂਜਿਆਂ ਦਾ ਮੁਹਤਾਜ ਰਹਿੰਦਾ ਸੀ। ਪਾਣੀ ਪੀਣ ਲਈ ਉਸਨੂੰ ਦੂਜਿਆ ਨੂੰ ਬੁਲਾਉਣਾ ਪੈਂਦਾ ਸੀ। ਅਜਿਹੀ ਨਿਢਾਲ ਬੇਬਸ ਆਤਮਾ ਮਰਨ ਤੋਂ ਬਾਅਦ ਕਿਸੇ ਦਾ ਕੀ ਸਵਾਰ ਸਕਦੀ ਹੈ? ਗੰਭੀਰਤਾ ਨਾਲ ਵਿਚਾਰ ਕਰੋ, ਅਰਥਾਤ ਪੀਰਾਂ ਦੀਆਂ ਮਜ਼ਾਰਾਂ ਤੇ ਵਿਸ਼ਵਾਸ਼ ਰਖਣਾ ਸਿਰਫ ਅੰਧ-ਵਿਸ਼ਵਾਸ ਅਤੇ ਕਰਮ-ਕਾਂਡ ਹੀ ਹੈ। ਜੋ ਕਿ ਇਸਲਾਮਿਕ ਦ੍ਰਿਸ਼ਟੀਕੋਣ ਤੋਂ ਵੀ ਕੁਫਰ ਹੈ। ਇਨ੍ਹਾਂ ਫੋਕਟ ਕਰਮ-ਕਾਂਡਾ ਤੋਂ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਇਸ ਸੰਦਰਭ ਵਿਚ ਗੁਰਮਤਿ ਵਿਚਾਰਧਾਰਾ ਇਹ ਹੈ:-

**ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥**

ਗੁਰੂਦੇਵ ਹਰ ਇਕ ਸ਼ਰਧਾਲੂ ਅਤੇ ਜਗਿਆਸੂ ਨੂੰ ਸਾਵਧਾਨ ਕਰਦੇ ਹੋਏ ਕਹਿੰਦੇ ਹਨ ਕਿ ਕੋਈ ਵੀ ਧਾਰਮਿਕ ਕਰਮ ਕਰਨਾ ਹੈ ਤਾਂ ਅੰਧ-ਵਿਸਵਾਸ ਨੂੰ ਤਿਆਗ ਕੇ ਸਾਵਧਾਨ ਹੋ ਜਾਓ ਅਤੇ ਵਿਵੇਕ ਬੁੱਧੀ ਦੀ ਵਰਤੋਂ ਕਰੋ :-

**ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ ॥**

**ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ॥**

**ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥** ਸਾਰੰਗ ਮਹਲਾ 1 (ਅੰਗ- 1245)

ਸ੍ਰੀ ਗੁਰੂਨਾਨਕ ਦੇਵ ਜੀ ਆਪਣੇ ਪ੍ਰਚਾਰ ਦੌਰਿਆਂ ਦੇ ਸਮੇਂ ਹਿੰਦੂ-ਮੁਸਲਿਮ ਦੋਹਾਂ ਦੇ ਤੀਰਥ-ਸਥਨਾਂ ਤੇ ਗਏ ਸਨ। ਇਸ ਤਰ੍ਹਾਂ ਉਨ੍ਹਾਂ ਨੇ ਇਨ੍ਹਾਂ ਦੋਹਾਂ ਧਰਮਾਂ ਦੇ ਫੋਕਟ ਕਰਮ-ਕਾਂਡਾਂ ਨੂੰ ਬਹੁਤ ਨੇੜਿਉ ਵੇਖਿਆ ਅਤੇ ਉਨ੍ਹਾਂ ਤਰੁੱਟੀਆ ਦਾ ਆਪਣੀ ਬਾਣੀ ਰਾਹੀਂ ਖੰਡਨ ਕੀਤਾ। ਇਨ੍ਹਾਂ ਸਾਰੀਆਂ ਰਚਨਾਵਾ ਨੂੰ 'ਆਸਾ ਦੀ ਵਾਰ' ਕਿਹਾ ਜਾਂਦਾ ਹੈ, ਜਿਹੜੀ ਹਰ ਗੁਰਦੁਆਰੇ ਵਿਚ ਅੰਮ੍ਰਿਤ ਵੇਲੇ ਕੀਰਤਨ ਰੂਪ ਵਿਚ ਸਰਵਣ ਕਰਵਾਈ ਜਾਂਦੀ ਹੈ। ਇਸ ਦਾ ਉਦੇਸ਼

ਇਹ ਹੈ ਕਿ ਮੇਰੇ ਸਿੱਖ ਭੁੱਲ ਕੇ ਵੀ ਕਿਸੇ ਤਰ੍ਹਾਂ ਦੇ ਫੋਕਟ ਕਰਮ-ਕਾਂਡ ਆਪਣੇ ਜੀਵਨ ਵਿਚ ਨਾ ਕਰਨ। ਇਸ ਸੰਦਰਭ ਵਿਚ ਗੁਰੂਜੀ ਦਾ ਕਥਨ ਹੈ :-

**ਭਾਈ ਰੇ ਗੁਰਮੁਖਿ ਬੂਝੈ ਕੋਇ ॥**

**ਬਿਨੁ ਬੂਝੇ ਕਰਮ ਕਮਾਵਣੇ ਜਨਮ ਪਦਾਰਥੁ ਖੋਇ ॥** ਸਿਰੀ ਰਾਗ ਮ: 3, (ਅੰਗ- 33)

ਯਥਾ

**ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥**

**ਹੋਰ ਕਥਨੀ ਬਦਉ ਨ ਸਗਲੀ ਛਾਰੁ ॥** ਰਾਮਕਲੀ ਮ: 1 (ਅੰਗ 9●4)

ਵਰਤਮਾਨ ਕਾਲ ਵਿਚ ਇੱਕ ਨਵਾਂ ਪਾਖੰਡ ਵਸਤੂ-ਸ਼ਾਸਤਰ ਦੇ ਨਾਂ ਨਾਲ ਵਿਕਸ਼ਿਤ ਹੋ ਕੇ ਉਭਰ ਰਿਹਾ ਹੈ। ਇਸ ਦਾ ਕੋਈ ਸਿਰ ਪੈਰ ਨਹੀ ਅਸਲ ਵਿਚ ਇਹ ਤਾ ਚਾਲਾਕ ਲੋਕਾ ਦੁਆਰਾ ਅਮੀਰ ਲੋਕਾਂ ਨੂੰ ਠੱਗਣ ਦਾ ਇੱਕ ਤਰੀਕਾ ਹੈ। ਵਸਤੂ ਸ਼ਾਸਤਰ ਕੇ ਅਨੁਸਾਰ ਭਵਨ ਨਿਰਮਾਣ ਕਰਨ ਦੀ ਕਲਾ ਵਿਚ ਸ਼ੁੱਭ-ਅਸ਼ੁੱਭ ਦਾ ਭਰਮ ਪਾਇਆ ਗਿਆ ਹੈ, ਜੋ ਕਿ ਵਿਗਿਆਨਕ ਦ੍ਰਿਸ਼ਟੀਕੋਣ ਤੋ ਨਿਰ-ਆਧਾਰ ਹੈ। ਮੰਨ ਲਓ ਕਿਸੇ ਵਿਅਕਤੀ ਨੂੰ ਚੰਡੀਗੜ੍ਹ ਵਰਗੇ ਵਿਕਸਿਤ ਸ਼ਹਿਰ ਵਿਚ ਇੱਕ ਪਲਾਟ ਅਲਾਟ ਹੋਇਆ ਹੈ। ਇਸ ਪਲਾਟ ਦਾ ਪੂਰਬ-ਪੱਛਮ ਨਿਸ਼ਚਿਤ ਕਰਨਾ ਕਿਸੇ ਦੇ ਵੱਸ ਦੀ ਗੱਲ ਨਹੀਂ। ਨਕਸ਼ਾ, ਨਕਸ਼ਾ-ਨਵੀਸ ਦੇ ਡਿਜ਼ਾਇਨ ਦੇ ਅਨੁਸਾਰ ਹੀ ਸਵੀਕਾਰ ਕਰਨਾ ਪਵੇਗਾ। ਠੀਕ ਇਸੇ ਤਰ੍ਹਾਂ ਇਥੇ ਲੱਖਾ ਲੋਕ ਵੱਸੇ ਹੋਏ ਹਨ, ਅੱਜ ਤੱਕ ਕਿਸੇ ਦਾ ਮਕਾਨ ਦੇ ਕਾਰਣ ਅਸ਼ੁਭ (ਬੁਰਾ) ਨਹੀਂ ਹੋਇਆ। ਸਾਰੇ ਲੋਕ ਮਕਾਨ ਦੀ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਰਾਜੀ ਖੁਸ਼ੀ ਹਨ। ਅਜਿਹੇ ਸਮੇਂ ਵਿਚ ਜਨਤਾ ਨੂੰ ਵਸਤੂ-ਸ਼ਾਸਤਰ ਦਾ ਚਕਮਾ ਦੇ ਕੇ ਮਾਇਆ ਠੱਗਣ ਦਾ ਕੀ ਤਰਕ ਰਹਿ ਜਾਂਦਾ ਹੈ? ਪਰ ਲੋਕ ਪਾਖੰਡੀਆਂ ਦੇ ਚੁੰਗਲ ਵਿਚ ਆਪ ਹੀ ਫਸਦੇ ਜਾਂਦੇ ਹਨ।

**'ਵਿਗਿਆਨਕ ਯੁੱਗ ਵਿਚ ਅੰਧ-ਵਿਸ਼ਵਾਸ਼ ਦਾ ਬੋਲ-ਬਾਲਾ'**

ਮਾਨਵ ਜੀਵਨ ਵਿਚ ਧਰਮ-ਕਰਮ ਦਾ ਹੋਣਾ ਜ਼ਰੂਰੀ ਹੈ, ਨਹੀਂ ਤਾਂ, ਮਾਨਵ (ਮਨੁੱਖ) ਸ਼ਕਤੀ ਪ੍ਰਾਪਤ ਹੋਣ ਤੇ ਹੰਕਾਰੀ ਹੋ ਕੇ ਵਿਨਾਸ਼ ਦੇ ਕੰਮ ਵਿਚ ਪਏ ਵੇਖੇ ਗਏ ਹਨ ਕਿਉਂਕਿ ਉਨ੍ਹਾਂ ਨੂੰ ਕਿਸੇ ਦੈਵੀ-ਸ਼ਕਤੀ ਦੇ ਡਰ ਦਾ ਬੋਧ ਨਹੀਂ ਰਹਿੰਦਾ। ਇਸ ਲਈ ਸਾਰੇ ਸਮਾਜਾਂ ਵਿਚ ਕਿਸੇ ਨਾ ਕਿਸੇ ਤਰਕੀਬ ਨਾਲ ਤਾਕਤਵਰ (ਸ਼ਕਤੀਸ਼ਾਲੀ) ਮੱਨੁਖਾਂ ਤੇ ਕਾਬੂ ਰੱਖਣ ਲਈ ਇਕ ਅਦ੍ਰਿਸ਼ ਸ਼ਕਤੀ ਨੂੰ ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਦਰਸਾ ਕੇ ਮਾਨਵ ਮਨ ਨੂੰ ਪ੍ਰਭਾਵਿਤ ਕਰਕੇ ਉਸ ਉਪਰ ਸ਼ਕਤੀ ਦਾ ਦੁਰਉਪਯੋਗ ਨਾ ਕਰਨ ਲਈ ਰੋਕ ਲਗਾਈ ਗਈ ਹੈ ਅਰਥਾਤ ਇਸਦੇ

ਉਲਟ ਮਾਨਵ ਸ਼ਕਤੀ ਨੂੰ ਸਮਾਜ ਦੀ ਉੱਨਤੀ ਦੇ ਲਈ ਵਰਤੋਂ ਵਿਚ ਲਿਆਉਣ ਲਈ ਪ੍ਰੇਰਿਤ ਕੀਤਾ ਗਿਆ ਹੈ। ਇਸ ਤਰ੍ਹਾਂ ਸਮਾਜ ਦਾ ਵਿਕਾਸ ਅਤੇ ਸ਼ਾਂਤੀ ਸਥਾਪਿਤ ਰਹਿੰਦੀ ਹੈ ਨਹੀਂ ਤਾਂ ਸ਼ਕਤੀਸਾਲੀ ਮੱਨੁਖਾਂ ਨੂੰ ਦੁਸ਼ਟ ਬਣਨ ਵਿਚ ਸਮਾਂ ਨਹੀਂ ਲੱਗਦਾ।

ਅੱਜ ਤੱਕ ਇਸ ਧਰਤੀ ਉਤੇ ਜੋ ਵੀ ਯੁੱਧ ਅਥਵਾ ਵਿਨਾਸ਼ ਲੀਲਾ ਮਾਨਵ ਦੁਆਰਾ ਹੋਇਆ ਹਨ, ਉਹ ਨਿਆਇਕ ਕਿਰਿਆ ਦੀ ਉਲੰਘਣਾ ਅਥਵਾ ਸਵਾਰਥ ਸਿੱਧੀ ਕਰਨ ਲਈ ਧਰਮ-ਕਰਮ ਤੋਂ ਇਨਕਾਰੀ ਹੋਣ ਕਾਰਣ ਹੀ ਹੋਈ ਹੈ, ਜੇ ਮਾਨਵ ਸਮਾਜ ਵਿਚ ਦੈਵੀ ਸ਼ਕਤੀ ਅਥਵਾ ਸ਼੍ਰਿਸਟੀ ਦੇ ਰਚਨਾਹਾਰ ਦੀ ਹੋਂਦ ਦੇ ਨਾ ਹੋਣ ਦੇ ਹਾਲਾਤ ਪੈਦਾ ਹੋ ਜਾਣ ਤਾਂ ਸੋਚੋ- ਸ਼ਕਤੀਸ਼ਾਲੀ ਮੱਨੁਖ ਅਤੇ ਤਾਨਾਸ਼ਾਹ ਲੋਕ ਕੀ-ਕੀ ਅਨਰਥ ਨਹੀਂ ਕਰਨਗੇ? ਉੱਜ ਤਾਂ ਦੂਜੇ ਵਿਸ਼ਵਯੁੱਧ ਵਿਚ ਇਹ ਸਭ ਕੁਝ ਹਿਟਲਰ, ਮਾਉਸੋਤੁੰਗ ਅਤੇ ਲੇਲਿਨ-ਦੁਆਰਾ ਕ੍ਰਾਂਤੀਆ ਦੇ ਨਾਂ ਅਥਵਾ ਸਮਾਜਵਾਦ ਲਿਆਉਣ ਦੇ ਨਾਂ ਲਈ ਕਰੋੜਾਂ ਨਿਰਦੋਸ਼ ਲੋਂਕਾਂ ਕੀ ਹਤਿਆ ਕੀਤੀ ਗਈ, ਜੋ ਕਿ ਇਤਿਹਾਸ ਬਣ ਚੁਕਿਆ ਹੈ, ਉਨ੍ਹਾਂ ਦਿਨਾਂ ਵਿਚ ਇਹ ਸਭ ਨਾਸਤਿਕ (ਕਮਿਊਨਿਸਟ) ਲੋਕਾਂ ਅਥਵਾ ਆਤੰਕਵਾਦੀਆਂ ਦੁਆਰਾ ਕੀਤੇ ਗਏ ਅਤਿਆਚਾਰਾਂ ਦੀ ਕਰਤੂਤਾਂ ਦੀ ਕਹਾਣੀ ਹੈ।

ਹੁਣ ਵਰਤਮਾਨ ਕਾਲ ਵਿਚ ਉਸ ਘਟਨਾ ਦੇ ਉਲਟ ਧਰਮ ਦੇ ਨਾਂ ਬਿਲਕੁਲ ਉਸ ਤਰ੍ਹਾਂ ਦਾ ਅਤਿਆਚਾਰ ਅਤੇ ਕਾਲੀਆਂ ਕਰਤੂਤਾਂ ਕੀਤੀਆਂ ਜਾਂਦੀਆਂ ਹਨ। ਤੁਸੀਂ ਅਕਸਰ ਆਤਮਘਾਤੀ ਹਮਲਾਵਰਾਂ ਦੇ ਬਾਰੇ ਸੁਣਦੇ ਹੋਵੇਗੇ, ਇਹ ਮੂਲ ਰੂਪ ਵਿਚ ਰਾਜਨੀਤਕ ਹਮਲੇ ਨਹੀ ਹੁੰਦੇ, ਇਨ੍ਹਾਂ ਵਿਚ ਧਰਮ ਦੇ ਨਾ ਤੇ ਨਫਰਤ ਅਤੇ ਗੁੱਸਾ ਵੀ ਹੁੰਦਾ ਹੈ। ਇਹ ਕਹਿ ਸਕਦੇ ਹਾਂ ਕਿ ਐਨਾ ਖੂਨ-ਖਰਾਬਾ ਰਾਜਨੀਤਕ ਕਾਰਨਾ ਨਾਲ ਨਹੀਂ ਹੋਇਆ, ਜਿੰਨਾ ਧਰਮ ਦੇ ਨਾਂ ਤੇ ਲੋਕ ਇੱਕ-ਦੂਜੇ ਦੇ ਖੂਨ ਦੇ ਪਿਆਸੇ ਬਣੇ ਰਹਿੰਦੇ ਹਨ। ਜਦ ਕਿ ਸਾਰੇ ਜਾਣਦੇ ਹਨ ਕਿ ਦੈਵੀ-ਸ਼ਕਤੀ ਇੱਕ ਹੀ ਹੈ, ਉਹ ਸਰਬ-ਵਿਆਪਕ ਤੇ ਸਰਬ-ਸ਼ਕਤੀਮਾਨ ਹੈ।

ਅੰਧ ਵਿਸ਼ਵਾਸ਼ ਅਤੇ ਧਰਮ ਦੇ ਨਾਂ ਤੇ ਇਸ ਵਿਗਿਆਨਕ ਯੁੱਗ ਵਿਚ ਇਨ੍ਹਾਂ ਦਿਨ੍ਹਾਂ ਵਿਚ ਉਨ੍ਹਾਂ ਔਰਤਾਂ ਤੇ ਹੁੰਦੇ ਅਤਿਆਚਾਰ ਵੇਖੇ ਜਾ ਸਕਦੇ ਹਨ। ਰਾਜਸਥਾਨ ਦੇ ਜ਼ਿਲਾ ਭੀਲਵਾੜਾ ਦੇ ਇੱਕ ਮੰਦਿਰ ਵਿਚ ਭੂਤਪ੍ਰੇਤ ਅਥਵਾ ਓਪਰੀ ਕਸਰ ਦੇ ਨਾਂ ਤੇ ਨੌਂਜੁਆਨ ਲੜਕੀਆਂ ਨੂੰ ਬਹੁਤ ਪਰੇਸ਼ਾਨ ਕੀਤਾ ਜਾਂਦਾ ਹੈ। ਅਸਲ ਵਿਚ ਇਹ ਔਰਤਾਂ 'ਜਨਾਨਾ-ਤਕਲੀਫਾਂ' ਅਰਥਾਤ ਹਿਸਟੀਰੀਆਂ, ਪ੍ਰਦਰ ਰੋਗ, ਖੂਨ ਦੀ ਕਮੀ ਆਦਿ ਤੋਂ ਪੀੜਿਤ ਹੁਦੀਆਂ ਹਨ। ਇਨ੍ਹਾਂ ਦੇ ਪਰਿਵਾਰ ਵਾਲੇ ਇਨ੍ਹਾਂ ਦਾ ਇਲਾਜ ਕਰਵਾਉਣ ਦੀ ਥਾਂ ਸਿਰਫ ਭਰਮ ਦੇ ਆਧਾਰ ਤੇ ਇਨ੍ਹਾਂ ਔਰਤਾਂ ਦਾ ਅੰਦਰਲਾ ਭੂਤ ਭਜਾਉਣ ਦੇ ਚੱਕਰ ਵਿਚ ਇਸ ਖਾਸ ਮੰਦਰ ਵਿਚ ਲੈ ਜਾਂਦੇ ਹਨ। ਇਥੇ ਪੁਜਾਰੀਆਂ ਨੂੰ ਇੱਕ

ਹਜ਼ਾਰ ਜਾਂ ਪੰਜ ਸੌ ਰੁਪਏ ਫੀਸ ਦੇ ਕੇ ਇਨ੍ਹਾਂ ਰੋਗਾਂ ਤੋਂ ਪੀੜਤ ਔਰਤਾਂ ਨੂੰ ਉਥੋ ਦੇ 'ਭੋਪਾ' ਅਥਵਾ 'ਭੋਪੀਆਂ' ਤੋਂ ਬੁਰੀ ਤਰ੍ਹਾਂ ਕੁੱਟਵਾਉਂਦੇ ਹਨ। ਫਿਰ ਮੰਦਰ ਦੇ ਉਪਰ ਸੰਗਮਰਮਰ ਦੀਆਂ ਤਪਦੀਆਂ ਹੋਈਆਂ ਪੌੜੀਆਂ ਤੇ ਉਲਟਾ ਸਿਰ ਦੇ ਭਾਰ ਘਸੀਟਿਆ ਜਾਂਦਾ ਹੈ। ਇਹ ਅਨਰਥ ਇਥੇ ਹੀ ਖਤਮ ਨਹੀਂ ਹੁੰਦਾ ਫਿਰ ਇਨ੍ਹਾਂ ਔਰਤਾਂ ਨੂੰ ਇੱਕ ਗੰਦੇ ਛੱਪੜ ਵਿਚ ਨਹਾਉਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਫਿਰ ਉਸੇ ਪਾਣੀ ਨੂੰ ਇੱਕ ਚਮੜੇ ਦੀ ਜੁੱਤੀ ਵਿਚ ਪੀਣ ਲਈ ਵੀ ਮਜ਼ਬੂਰ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਇਹ ਰੋਗੀ ਔਰਤਾਂ ਉਪਰੋਕਤ ਜ਼ੁਲਮਾਂ ਦੇ ਡਰ ਕਾਰਨ ਆਪਣਾ ਰੋਗ ਲੁਕਾਉਂਦੀਆਂ ਅਤੇ ਅੰਦਰ ਹੀ ਅੰਦਰ ਘੁੱਟ-ਘੁੱਟ ਕੇ ਮਰਦੀਆਂ ਹਨ।

ਇਸ ਪ੍ਰਥਾਏ ਭਾਈ ਗੁਰਦਾਸ ਜੀ ਦੀ ਰਚਨਾ :-

**'ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਯਾ॥**

ਇਸ ਦਾ ਭਾਵ-ਅਰਥ ਇਹੀ ਹੈ ਕਿ ਪਾਰਬ੍ਰਹਮ ਪਰਮੇਸ਼ਵਰ ਨੇ ਦੀਨ-ਹੀਣ, ਦੁਖੀਆਂ ਦੀ ਪੁਕਾਰ ਸੁਣੀ, ਜਿਹੜੇ ਅਮੀਰ ਵਰਗ ਦੁਆਰਾ ਦੁਖੀ ਕੀਤੇ ਜਾ ਰਹੇ ਸਨ। ਧਰਮ ਦੇ ਨਾਂ ਤੇ ਗਰੀਬਾਂ ਦਾ ਸੋਸਣ ਕੀਤਾ ਜਾ ਰਿਹਾ ਸੀ ਅਤੇ ਬਹੁਤ ਕਸਟ ਦਿੱਤੇ ਜਾ ਰਹੇ ਸਨ। ਉਨ੍ਹਾਂ ਨਾਲ ਜਾਨਵਰਾਂ ਵਾਲਾ ਵਤੀਰਾ ਅਪਨਾਇਆ ਜਾਂਦਾ ਸੀ। ਇਸ ਦੇ ਇਲਾਵਾ ਔਰਤ ਵਰਗ ਨੂੰ ਅਬਲਾ ਅਤੇ ਨੀਚ ਕਹਿ ਕੇ ਬਹੁਤ ਜ਼ਿਆਦਤੀਆਂ ਕੀਤੀਆਂ ਜਾਂਦੀਆਂ ਸਨ। ਇਥੇ ਹੀ ਬਸ ਨਹੀਂ, ਸਮਾਜ ਵਿਚ ਅੰਧ-ਵਿਸ਼ਵਾਸ਼ ਫੈਲਾ ਕੇ ਸੁਆਰਥੀ ਲੋਕ ਆਮ ਜਨਤਾ ਨੂੰ ਲੁੱਟ ਰਹੇ ਸਨ। ਵਹਿਮਾਂ-ਭਰਮਾਂ ਦਾ ਜਾਲ ਵਿਛਾ ਕੇ ਦਮਨ-ਚੱਕ ਚਲਾਇਆ ਜਾ ਰਿਹਾ ਸੀ। ਅਜਿਹੇ ਹਾਲਾਤਾਂ ਵਿਚ ਉਸ ਦੈਵੀ-ਜੋਤਿ ਪਾਰਬ੍ਰਹਮ ਪਰਮੇਸ਼ਰ ਨੇ ਆਪਣੇ ਸੇਵਕ ਨੂੰ ਗੁਰੂਨਾਨਕ ਰੂਪ ਵਿਚ ਇਸ ਮਾਨਵ ਸਮਾਜ ਵਿਚ ਭੇਜਿਆ, ਜਾਤਿ-ਪਾਤਿ, ਅਮੀਰ-ਗਰੀਬ, ਪੁਰਸ਼-ਨਾਰੀ, ਮਾਲਕ-ਨੌਕਰ ਹਿੰਦੂ-ਮੁਸ਼ਲਿਮ ਆਦਿ ਦੇ ਮਤ-ਭੇਦਾ ਨੂੰ ਖਤਮ ਕਰਕੇ ਸਮਾਨਤਾ ਨਾਲ ਮਿਲ-ਜੁਲ ਕੇ ਸਮਾਜ ਦਾ ਵਿਕਾਸ ਕਰਨ। ਇਸੇ ਲਈ ਗੁਰੂਦੇਵ ਜੀ ਨੇ ਤਿੰਨ-ਸੂਤਰੀ ਪ੍ਰੋਗਰਾਮ ਬਣਾਇਆ, ਸਭ ਤੋਂ ਪਹਿਲਾ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ।

ਜਿਨ੍ਹਾਂ ਦਿਨਾਂ ਵਿਚ ਗੁਰੂਦੇਵ ਜੀ ਦਾ ਆਗਮਨ ਹੋਇਆ ਉਸ ਸਮੇਂ ਸਮਾਜ ਦੀ ਜੀਵਨ-ਸ਼ੈਲੀ ਵਿਚ ਤਰੁੱਟੀਆਂ ਸਨ। ਅੰਧ-ਵਿਸ਼ਵਾਸ਼ ਕਾਰਨ ਅਫਵਾਹਾਂ ਫੈਲਾਈਆਂ ਜਾ ਰਹੀਆਂ ਸਨ। ਗੁਰੂਦੇਵ ਨੇ ਸਮਾਜ ਨੂੰ ਜਾਗਰਤ ਕਰਨ ਲਈ ਸਭ ਪ੍ਰਕਾਰ ਦੇ ਅੰਧ-ਵਿਸ਼ਵਾਸ਼ਾਂ ਅਤੇ ਅਫਵਾਹਾ ਬਾਰੇ ਆਪਣੀ ਬਾਣੀ ਦੁਆਰਾ ਉਪਦੇਸ

ਦਿੱਤੇ। ਇਸ ਤਰ੍ਹਾਂ ਅੰਧ-ਵਿਸ਼ਵਾਸਾਂ ਤੇ ਕਰਾਰੀ ਸੱਟ ਮਾਰੀ। ਪਰ ਅਣਗਿਣਤ ਸਾਲਾਂ ਤੋਂ ਸੁੱਤੇ ਹੋਏ ਸਮਾਜ ਨੂੰ ਜਾਗਰਤ ਕਰਨਾ ਐਨਾ ਸਹਿਜ ਅਤੇ ਸਰਲ ਨਹੀਂ ਸੀ। ਇਸ ਲਈ ਆਪ ਜੀ ਨੇ ਇਸ ਕਾਰਜ ਨੂੰ ਕਰਨ ਲਈ ਇਕ ਦੂਰ-ਅੰਦੇਸ਼ੀ ਯੋਜਨਾ -ਬੁੱਧ ਪ੍ਰੋਗਰਾਮ ਬਣਾਇਆ ਅਤੇ ਆਪਣੇ ਸਾਰੇ ਚੇਲਿਆਂ (ਸੇਵਕਾਂ) ਨੂੰ ਹਮੇਸਾਂ ਸੰਘਸ਼ਸ਼ੀਲ ਰਹਿਣ ਲਈ ਕਿਹਾ।

ਇਸ ਤਰ੍ਹਾਂ ਸਮੇਂ ਨੂੰ ਅਨੁਕੂਲ ਵੇਖ ਕੇ ਗੁਰੂਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਅਤੇ ਇਸ ਅਭਿਆਨ ਨੂੰ ਮੱਨੁਖੀ ਹਿਤਾ ਲਈ ਸਧਾ ਜਾਰੀ ਰਖਣ ਲਈ ਹੁਕਮ ਕੀਤਾ ਗਿਆ।

> > > > > < < < < <

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

**ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।**


**ਲਾਂਚ ਕਰਤਾ : ਜਸਬੀਰ ਸਿੰਘ**

Mob. : 099881-60484, 62390-45985

Type Setting : Radheshyam Choudhary

Mob. : 098149- 66882